Vide R.N.I. No. Pun-Pun 2002/8323 ASR/0001/2024/26

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਭੇਟਾ: 25/-

D.O.P. 15 Sept. 2025

ਅੰਕ: 165



ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਹੋਣ ਤੋਂ ਪਹਿਲਾਂ ਜਿਹੜੇ ਅਸਥਾਨਾਂ ਤੇ ਚਰਨ ਪਏ ਉਨ੍ਹਾਂ ਵਿੱਚੋਂ ਕੁਝ ਚੋਣਵੇਂ ਅਸਥਾਨ

## ਸ਼ਹੀਦੀ ਮਾਰਗ ਯਾਤਰਾ



1 ਗੁ: ਥੜ੍ਹਾ ਸਾਹਿਬ
(ਸ੍ਰੀ ਅਨੰਦਪੁਰ ਸਾਹਿਬ)



2 ਗੁ: ਸ੍ਰੀ ਗੁਰੂ ਤੇਗ ਬਹਾਦਰ ਜੀ
ਬਹਾਦਰਗੜ੍ਹ (ਪਟਿਆਲਾ)



3 ਗੁ: ਸਾਹਿਬ ਮੋਤੀ ਬਾਗ
ਪਾ: ੯ (ਪਟਿਆਲਾ)



4 ਗੁ: ਗੜ੍ਹੀ ਸਾਹਿਬ
(ਸਮਾਣਾ, ਪਟਿਆਲਾ)



5 ਗੁ: ਸ਼ੀਸ਼ ਮਹਿਲ ਸਾਹਿਬ
(ਪਿਹੋਵਾ, ਹਰਿਆਣਾ)



6 ਗੁ: ਬੰਗਲਾ ਸਾਹਿਬ
(ਰੋਹਤਕ, ਹਰਿਆਣਾ)



7 ਗੁ: ਦੂਖ ਨਿਵਾਰਨ ਸਾਹਿਬ
ਗੁਰੂ ਕਾ ਤਾਲ (ਆਗਰਾ)



8 ਗੁ: ਮੰਜੀ ਸਾਹਿਬ
(ਆਗਰਾ)

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-165ਵਾਂ (2025)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਭਾਈ ਫੱਗੂ ਮੱਲ ਜੀ ਦਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਨਾਲ ਅਥਾਹ ਪਿਆਰ 5
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 13
- ਸ਼ਰਨ ਆਇਆਂ ਦੀ ਲਾਜ ਰੱਖਣ ਵਾਲੇ 14
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 16
- ਹਰ ਥਾਂ ਸਹਾਈ ਹੋਣ ਵਾਲੇ ਗੁਰੂ ਪਿਤਾ 18
- ਭਗਤੀ ਦੀ ਮੂਰਤਿ 20
- ਅਨਮੋਲ ਬਚਨ 21
- ਆਕਾਸ਼, ਪਾਤਾਲ ਅਤੇ ਜਲ ਵਿੱਚ ਹਰ ਜਗ੍ਹਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਿਵੇਂ ਸਹਾਈ ਹਨ? 22
- ਦਇਆ ਤੇ ਪਰਉਪਕਾਰਤਾ ਦੀ ਮੂਰਤਿ 27
- ਖੰਡ ਬ੍ਰਹਿਮੰਡ ਦੇ ਸੁਆਮੀ 28
- ਦਇਆ ਤੇ ਕਰੁਣਾ ਨਾਲ ਓਤ ਪੋਤ 30
- त्याग एवं वैराग्य की मूर्ति 32
- जीवन वर्णन धन्य श्री गुरु तेग बहादर जी 34
- धन्य श्री गुरु तेग बहादर जी जीवन कथा 37
- Praises and Statements in favour of the Ninth Master Lord by His Beloved Devotees 41
- Baba Makhan Shah Lubana Ji 44
- Greatly Blessed is the Guru, Greatly Blessed are His Beloveds! 50

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

ਦਿੱਲੀ ਜਾਓ, ਗੁਰਦੁਆਰਾ ਸੀਸ ਗੰਜ ਸਾਹਿਬ ਦਰਸ਼ਨ ਕਰਨ ਜਿੱਥੇ ਗੁਰਦੇਵ ਪਿਤਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ ਪਾਵਨ ਸ਼ਹੀਦੀ ਹੋਈ। ਜਿਸ ਸ਼ਹੀਦੀ ਨੇ ਸ੍ਰਿਸ਼ਟੀ ਦੀ ਪੱਤ ਢੱਕ ਲਈ, ਜਿਸ ਸ਼ਹੀਦੀ ਨੇ ਇਸ ਸ੍ਰਿਸ਼ਟੀ ਨੂੰ ਇੱਕ ਨਵਾਂ ਰਾਹ ਦਿੱਤਾ ਕਿ ਦੂਜਿਆਂ ਦੇ ਭਲੇ ਲਈ ਜਿਊਣਾ, ਦੂਜਿਆਂ ਦੇ ਦਰਦ ਨੂੰ ਨਿਵਾਰਨ ਲਈ ਜਿਊਣਾ, ਦੂਜਿਆਂ ਤੇ ਪਰਉਪਕਾਰ ਕਰਨ ਲਈ ਜਿਊਣਾ ਹੀ ਜੀਵਨ ਦਾ ਅਸਲੀ ਮਨੋਰਥ ਹੈ।

***ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥*** *(ਅੰਗ ੨੬)*

ਇਸ ਪੰਕਤੀ ਨੂੰ ਅਮਲੀ ਜਾਮ ਪਹਿਨਾਇਆ, ਦਿੱਲੀ ਚਾਂਦਨੀ ਚੌਂਕ ਦੀ ਸਰਜ਼ਮੀਨ ਤੇ ਜਿੱਥੇ ਗੁਰਦੇਵ ਪਿਤਾ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣਦਿਆਂ, ਉਨ੍ਹਾਂ ਦੀ ਬਾਂਹ ਫੜ੍ਹਦਿਆਂ ਆਪ ਜਾ ਕੇ ਸ਼ਹੀਦੀ ਦਿੱਤੀ। ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਾਹਮਣੇ ਚਾਂਦਨੀ ਚੌਂਕ ਵਿੱਚ ਇੱਕ ਫੁਹਾਰਾ ਬਣਿਆ ਹੋਇਆ ਹੈ। ਇਹ ਫੁਹਾਰੇ ਵਾਲਾ ਅਸਥਾਨ ਕੋਈ ਆਮ ਨਹੀਂ ਬਲਕਿ ਇਹ ਆਪਣੇ ਪਿੱਛੇ ਇਤਿਹਾਸ ਦੇ ਬਹੁਤ ਵੱਡੇ ਸੁਨਹਿਰੀ ਪੰਨਿਆਂ ਨੂੰ ਸਮੋਈ ਬੈਠਾ ਹੈ। ਇਸ ਪਾਵਨ ਅਸਥਾਨ ਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਅਤਿ ਦੇ ਪਿਆਰੇ ਸਿੱਖ ਜਿਨ੍ਹਾਂ ਨੂੰ ਦੇਖ ਦੇਖ ਕੇ ਗੁਰੂ ਸਾਹਿਬ ਰੀਝਦੇ ਸਨ, ਧੰਨ ਧੰਨ ਭਾਈ ਮਤੀ ਦਾਸ ਜੀ, ਧੰਨ ਧੰਨ ਭਾਈ ਸਤੀ ਦਾਸ ਜੀ, ਧੰਨ ਧੰਨ ਭਾਈ ਦਿਆਲ ਦਾਸ ਜੀ, ਇਨ੍ਹਾਂ ਰੰਗ ਰੱਤੜੇ ਗੁਰਮੁੱਖ ਪਿਆਰਿਆਂ ਦੀ ਸ਼ਹੀਦੀ ਹੋਈ ਜਿਨ੍ਹਾਂ ਦੇ ਰੋਮ ਰੋਮ ਵਿੱਚ ਗੁਰੂ ਚਰਨਾਂ ਦੀ ਬਿਹਬਲਤਾ, ਗੁਰੂ ਚਰਨਾਂ ਵਿੱਚ ਲਿਵ ਲੀਨਤਾ, ਗੁਰੂ ਚਰਨਾਂ ਲਈ ਤੜਪ ਵਸੀ ਹੋਈ ਸੀ। ਇਤਿਹਾਸ ਵਿੱਚ ਆਉਂਦਾ ਹੈ ਕਿ ਧੰਨ ਧੰਨ ਮਤੀ ਦਾਸ ਜੀ ਗੁਰੂ ਸਾਹਿਬ ਜੀ ਦੇ ਦੀਵਾਨ ਸੀ, ਧੰਨ ਧੰਨ ਭਾਈ ਸਤੀ ਦਾਸ ਜੀ ਗੁਰੂ ਸਾਹਿਬ ਦੇ ਲਿਖਾਰੀ ਸਨ ਅਤੇ ਧੰਨ ਧੰਨ ਭਾਈ ਦਿਆਲ ਦਾਸ ਜੀ ਗੁਰੂ ਸਾਹਿਬ ਜੀ ਦੇ ਘਰ ਬਾਰੀ ਸਨ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਬਹੁਤ ਸਾਰੇ ਹੁਕਮਨਾਮਿਆਂ ਵਿੱਚ ਧੰਨ ਧੰਨ ਭਾਈ ਦਿਆਲ ਦਾਸ ਜੀ ਦਾ ਨਾਂ ਬਹੁਤ ਵਾਰੀ ਆਇਆ ਹੈ ਅਤੇ ਜਦੋਂ ਸਤਿਗੁਰੂ ਜੀ ਸਿੱਖੀ ਦੇ ਪ੍ਰਚਾਰ ਵਾਸਤੇ ਵੱਖ ਵੱਖ ਸਥਾਨਾਂ ਦੇ ਦੌਰਿਆਂ ਤੇ ਜਾਂਦੇ ਸਨ ਤਾਂ ਪਿੱਛੋਂ ਪਰਿਵਾਰ ਦੀ ਸਾਰੀ ਦੇਖ-ਰੇਖ ਧੰਨ ਧੰਨ ਭਾਈ ਦਿਆਲ ਦਾਸ ਜੀ ਹੀ ਕਰਦੇ ਸਨ।

ਚਾਂਦਨੀ ਚੌਂਕ ਦੀ ਉਹ ਸਰ ਜ਼ਮੀਨ ਜਿੱਥੇ ਗੁਰਦੇਵ ਪਿਤਾ ਜੀ ਦੇ ਪਿਆਰਿਆਂ ਨੇ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਸ਼ਾਇਦ ਅਜਿਹੇ ਸਮੇਂ ਤਾਂ ਮੌਤ ਨੇ ਵੀ ਗੋਡੇ ਟੇਕ ਦਿੱਤੇ ਹੋਣਗੇ। ਆਪਣਾ ਆਪ ਧਰਮ ਦੀ ਖਾਤਰ ਕੁਰਬਾਨ ਕਰ ਦਿੱਤਾ, ਆਪਣਾ ਆਪ ਨਿਛਾਵਰ ਕਰ ਦਿੱਤਾ। ਦੁਨੀਆਂ ਦੇ ਇਤਿਹਾਸ ਵਿੱਚ ਇਹ ਸ਼ਹੀਦੀਆਂ ਨਿਵੇਕਲੀਆਂ ਸਨ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾ ਰਿਹਾ ਹੈ ਪਰ ਗੁਰੂ ਦਾ ਪਿਆਰਾ ਆਪਣੇ ਸਰੀਰ ਦੇ ਟੋਟੇ ਕਰਵਾ ਕੇ ਵੀ ਆਪਣੇ ਆਪ ਨੂੰ ਸੁਭਾਗਾ ਸਮਝ ਰਿਹਾ ਹੈ ਕਿ ਇਹ ਜਿੰਦ ਪਿਤਾ ਜੀ ਦੇ ਚਰਨਾਂ ਦੇ ਲੇਖੇ ਲੱਗ ਗਈ। ਸਰੀਰ ਤੇ ਆਰਾ ਚੱਲ ਰਿਹਾ ਹੈ, ਸਰੀਰ ਦੇ ਦੋ ਟੋਟੇ ਹੋ ਰਹੇ ਹਨ ਪਰ ਜਪੁ ਜੀ ਸਾਹਿਬ ਦੇ ਪਾਠ ਦੀ ਨਿਰੰਤਰ ਧੁਨ ਉਨ੍ਹਾਂ ਦੋਵੇਂ ਸਰੀਰ ਦੇ ਟੋਟਿਆਂ ਵਿੱਚ ਮਿੱਠੀ-ਮਿੱਠੀ ਸੁਣਾਈ ਦੇ ਰਹੀ ਹੈ। ਕੈਸਾ ਪਿਆਰ ਹੈ, ਗੁਰੂ ਦੇ ਸਿੱਖ ਦਾ ਗੁਰੂ ਦੀ ਬਾਣੀ ਨਾਲ, ਕੈਸਾ ਪਿਆਰ ਹੈ ਗੁਰੂ ਦੇ ਚਰਨਾਂ ਨਾਲ। ਧੰਨ ਧੰਨ ਭਾਈ ਦਿਆਲ ਦਾਸ ਜੀ ਨੂੰ ਉਬਲਦੇ ਹੋਏ ਦੇਗੇ ਵਿੱਚ ਬਿਠਾਇਆ ਹੋਇਆ ਹੈ, ਹੇਠਾਂ ਅੱਗ ਬਲ ਰਹੀ ਹੈ ਤੇ ਉਹ ਗੁਰੂ ਦਾ ਪਿਆਰਾ ਵੀ, ਇੰਨਾ ਗੁਰੂ ਚਰਨਾਂ ਤੋਂ ਬਲਿਹਾਰ ਜਾ ਰਿਹਾ ਹੈ ਕਿ ਇਸ ਅਗਨੀ ਦਾ ਸੇਕ ਉਸ ਨੂੰ ਮਹਿਸੂਸ ਹੀ ਨਹੀਂ ਹੋ ਰਿਹਾ ਹੈ। ਕੈਸਾ ਸਿਦਕ ਹੈ। ਭਾਈ ਸਤੀਦਾਸ ਜੀ ਦੇ ਸਰੀਰ ਤੇ ਰੂੰ ਲਪੇਟ ਕੇ ਅੱਗ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਪਰ ਉਹ ਵੀ ਗੁਰੂ ਦਾ ਪਿਆਰਾ ਗੁਰੂ ਦੇ ਚਰਨਾਂ ਤੋਂ ਆਪਣਾ ਆਪ ਨਿਛਾਵਰ ਕਰ ਰਿਹਾ ਹੈ। ਕੈਸੀਆਂ ਕਮਾਈਆਂ ਹਨ, ਧੰਨ ਗੁਰੂ ਤੇ ਧੰਨ ਗੁਰੂ ਦੇ ਪਿਆਰਿਆਂ ਦੀਆਂ।

ਇੱਕ ਗੱਲ ਇੱਥੇ ਬਹੁਤ ਧਿਆਨ ਦੇਣ ਵਾਲੀ ਹੈ, ਇਹ ਸਾਰੀਆਂ ਸ਼ਹੀਦੀਆਂ ਹੁੰਦਿਆਂ ਗੁਰੂ ਦੇ ਪਿਆਰਿਆਂ ਨੇ ਅੰਤਲੇ ਸਮੇਂ ਵਿੱਚ ਜਪੁਜੀ ਸਾਹਿਬ ਦੀ ਪਾਵਨ ਬਾਣੀ ਦਾ ਲੜ ਨਹੀਂ ਛੱਡਿਆ। ਸਰੀਰ ਦੇ ਟੋਟੇ ਹੋ ਰਹੇ ਹਨ ਪਰ ਜਪੁ ਜੀ ਸਾਹਿਬ ਚੱਲ ਰਹੀ ਹੈ। ਸਰੀਰ ਦੇਗੇ ਵਿੱਚ ਉਬਲ ਰਿਹਾ ਹੈ ਪਰ ਜਪੁ ਜੀ ਸਾਹਿਬ ਨਾਲ ਚੱਲ ਰਹੀ ਹੈ। ਤਨ ਅੱਗ ਦੀ ਲਪੇਟ ਵਿੱਚ ਹੈ ਪਰ ਜਪੁ ਜੀ ਸਾਹਿਬ ਚੱਲ ਰਹੀ ਹੈ। ਇੱਕ ਇੱਕ ਪੰਕਤੀ, ਇੱਕ ਇੱਕ ਲਗ ਮਾਤਰਾ ਸੁਰਤ ਵਿੱਚੋਂ ਨਿਕਲ ਰਹੀ ਹੈ। ਅੱਖਾਂ ਸਾਹਮਣੇ ਚੱਲ ਰਹੀ ਹੈ। ਅਸੀਂ ਵੀ ਪਾਠ ਕਰਦੇ ਹਾਂ, ਬਿਰਤੀ ਕਿੰਨੀ ਖਿੰਡੀ ਪੁੰਡੀ ਹੁੰਦੀ ਹੈ ਪਰ ਇਹ ਗੁਰੂ ਦੇ ਪਿਆਰਿਆਂ ਨੇ ਜਪੁ ਜੀ ਸਾਹਿਬ ਦੀ ਪਾਵਨ ਬਾਣੀ ਦਾ ਕਿੰਨਾ ਅਭਿਆਸ ਕੀਤਾ ਹੋਵੇਗਾ, ਕੋਈ ਪੰਕਤੀ ਰਸ ਲਏ ਬਿਨਾਂ ਖਾਲੀ ਹੀ ਨਹੀਂ ਜਾ ਰਹੀ।

***ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥*** *(ਅੰਗ ੨੯੪)*

ਇਹ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਆਓ ਆਪਾਂ ਵੀ ਜਪੁ ਜੀ ਸਾਹਿਬ ਦੀ ਪਾਵਨ ਬਾਣੀ ਨਾਲ ਪਿਆਰ ਪਾਈਏ। ਸਾਡੇ ਦਿਨ ਦੀ ਸ਼ੁਰੂਆਤ ਇਸ ਪਾਵਨ ਬਾਣੀ ਦੇ ਜਾਪ ਤੋਂ ਸ਼ੁਰੂ ਹੋਵੇ। ਸਾਰਾ ਦਿਨ ਇਸ ਦਾ ਵੱਧ ਤੋਂ ਵੱਧ ਅਭਿਆਸ ਚਲਦਾ ਰਵ੍ਹੇ। ਇਹ ਸ਼ਹੀਦੀ ਸ਼ਤਾਬਦੀ ਮਨਾਈ ਹੋਈ ਥਾਂਏ ਪੈ ਜਾਵੇਗੀ, ਜੇ ਕਿਤੇ ਘਰਾਂ ਵਿੱਚ ਜਪੁ ਜੀ ਸਾਹਿਬ ਦੀ ਪਾਵਨ ਬਾਣੀ ਦੀਆਂ ਰੌਲਾਂ ਚੱਲ ਪੈਣ। ਘਰ ਘਰ ਜਪੁ ਜੀ ਸਾਹਿਬ ਦੀਆਂ ਗੂੰਜਾਂ ਪੈ ਜਾਣ। ਗੁਰਦੇਵ ਪਿਤਾ ਜੀ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਕੋਟਾਨਿ ਕੋਟਿ ਪ੍ਰਨਾਮ। ਭੁੱਲ ਚੁੱਕ ਦੀ ਖਿਮਾਂ।

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

***—ਸੰਪਾਦਕ***

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (ਕੈਸੇਟ 236)

# ਭਾਈ ਫੱਗੂ ਮੱਲ ਜੀ ਦਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਨਾਲ ਅਥਾਹ ਪਿਆਰ

—ਜਸਵਿੰਦਰ ਸਿੰਘ (ਪਟਿਆਲਾ)

*ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥*

*(ਅੰਗ ੧੪੨੫)*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ, ਉਨ੍ਹਾਂ ਦੇ ਪਿਆਰ ਸਤਿਕਾਰ ਵਿੱਚ ਸਾਰੀ ਸੰਗਤ ਗੱਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨਵੰਬਰ ਮਹੀਨੇ ਵਿੱਚ ਆ ਰਹੀ ਹੈ। ਦਾਸ ਇਹੀ ਬੇਨਤੀ ਕਰਦਾ ਹੈ ਕਿ ਪਤਾ ਨਹੀਂ ਕਿਸੇ ਦੀ ਦਸ ਸਾਲ ਉਮਰ ਬਾਕੀ ਰਹਿੰਦੀ ਹੋਵੇ, ਪੰਜ ਹੋਵੇ, ਤੀਹ ਹੋਵੇ ਪਰ ਸਾਰੀ ਸੰਗਤ ਇੱਕ ਅਰਦਾਸ ਕਰੋ ਕਿ ਜਿੰਨੀ ਵੀ ਉਮਰ ਬਾਕੀ ਹੈ, ਹੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ! ਬਾਬਾ ਮੱਖਣ ਸ਼ਾਹ ਲੁਬਾਣਾ ਜੀ ਵਰਗਾ ਪ੍ਰੇਮ ਦਾ ਕਿਣਕਾ ਸਾਡੀ ਝੋਲੀ ਵਿੱਚ ਵੀ ਪਾ ਦਿਓ। ਇਸੇ ਜਨਮ ਵਿੱਚ ਇਹ ਸਾਡੀ ਅੱਖ ਤੁਹਾਨੂੰ ਕਿਤੇ ਪਛਾਣ ਲਵੇ।

*ਤੂ ਬੇਅੰਤੁ ਕੋ ਵਿਰਲਾ ਜਾਣੈ ॥*
*ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥*

*(ਅੰਗ ੫੬੨)*

ਹੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ! ਜ਼ਿੰਦਗੀ ਦੀ ਹਰ ਕਿਰਿਆ ਵਿੱਚ ਆਪ ਜੀ ਦੀ ਉਡੀਕ ਹੋਵੇ। ਜ਼ਿੰਦਗੀ ਦੀ ਕਿਰਿਆ ਚੱਲਣ ਵਿੱਚ ਇਹ ਕਿਰਪਾ ਹੋਵੇ, ਹੱਥ ਕਾਰ ਵੱਲ, ਚਿੱਤ ਯਾਰ ਵੱਲ। ਯਾਰ ਕੌਣ? ਦਰਗਾਹ ਦੇ ਮਾਲਕ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।

*ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥*
*ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥*

*(ਅੰਗ ੭੦੩)*

ਗਰੀਬ ਨਿਵਾਜ! ਇਹ ਸਾਰੀਆਂ ਸੰਗਤਾਂ ਤੇ ਗਰੀਬਾਂ ਤੇ ਆਪ ਜੀ ਦੀ ਕਿਰਪਾ ਹੋਵੇ। ਹਰ ਚੀਜ਼ ਵਿੱਚ ਆਪ ਜੀ ਦੀ ਉਡੀਕ ਰਵ੍ਹੇ। ਬਸਤਰ ਵੀ ਪਾਵਾਂ ਤੇ ਇਹ ਸੋਚ ਕੇ ਪਾਵਾਂ ਕਿ ਉਹ ਆਪ ਜੀ ਨੂੰ ਚੰਗੇ ਲੱਗਦੇ ਹੋਣ। ਇਹ ਹੈ, ਹਰ ਚੀਜ਼ ਵਿੱਚ ਪਿਆਰੇ ਦੀ ਯਾਦ ਵਸ ਜਾਵੇ। ਪਰਸ਼ਾਦਾ ਵੀ ਛਕਾਂ ਤੇ ਥਾਲੀ ਵਿੱਚ ਉਹ ਕੁਝ ਪਿਆ ਹੋਵੇ ਜੋ ਆਪ ਜੀ ਨੂੰ ਚੰਗਾ ਲੱਗਦਾ ਹੋਵੇ।

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥*

*(ਅੰਗ ੧੪੦)*

ਸਾਡੀ ਯਾਦ ਵਿੱਚ ਆਪ ਜੀ ਵਸ ਜਾਓ। ਸਾਡੇ ਖਾਣ ਵਿੱਚ ਵੀ, ਪਹਿਨਣ ਵਿੱਚ ਵੀ, ਬੋਲਣ ਵਿੱਚ ਵੀ ਆਪ ਜੀ ਯਾਦ ਆਵੇ। ਮੈਂ ਆਪਣੇ ਮੁੱਖ

ਤੋਂ ਉਹ ਬੋਲ ਬੋਲਾਂ ਕਿ ਬੋਲਣ ਤੋਂ ਪਹਿਲਾਂ ਆਤਮਾ ਸੁਣ ਲਵੇ, ਬੋਲਾਂ ਨੂੰ। ਜੋ ਬੋਲਣ ਲੱਗਾ ਹਾਂ, ਉਹ ਹੀ ਬੋਲਾਂ ਜੋ ਮੇਰੇ ਗੁਰੂ ਨੂੰ ਪਿਆਰਾ ਲੱਗੇ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਹਿੰਦੇ, ਆ ਤੈਨੂੰ ਬੋਲਣ ਦੀ ਜਾਚ ਸਿਖਾਵਾਂ। ਵੇਖੋ ਬੋਲ :

***ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥***
***ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥***

***(ਅੰਗ ੧੪੧੬)***

ਇਹ ਸ਼ਹੀਦੀ ਸ਼ਤਾਬਦੀ ਮਨਾਉਣੀ ਥਾਏਂ ਪੈ ਜਾਵੇਗੀ ਜੇ ਸਾਡੀ ਜ਼ਿੰਦਗੀ ਵਿੱਚ ਇਹ ਗੁਣ ਆ ਜਾਣ।

ਵੇਖੋ ਬੋਲ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ:

***ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥***
***ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥***

***(ਅੰਗ ੨੬੧)***

ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਬੀਬੀ ਭਾਨੀ ਜੀ ਨੂੰ ਡੋਲੀ ਵਿੱਚ ਤੋਰਦੇ ਹਨ ਤੇ ਤੋਰਨ ਵੇਲੇ ਸਿੱਖਿਆ ਕੀ ਦੇ ਰਹੇ ਹਨ ਕਿ ਪੇਕੇ ਘਰ ਵਿੱਚੋਂ ਇਹ ਬੋਲ ਸਿੱਖ ਕੇ ਜਾਂਈਂ ਕਿ 'ਭ' ਭੁੱਲ ਗਈ ਜੀ, 'ਭ' ਭਾਣਾ ਜੀ ਤੇ 'ਭ' ਭਲਾ ਜੀ। ਸਾਡੀ ਸਾਰਿਆਂ ਦੀ ਜ਼ਿੰਦਗੀ ਜਿੰਨੇ ਸਾਲ ਦੀ ਬਾਕੀ ਰਹਿੰਦੀ ਹੈ, ਅਰਦਾਸ ਕਰੋ, ਗੁਰੂ ਸਾਹਿਬ ਨਾਲ ਇੰਝ ਓਤ ਪੋਤ ਹੋ ਜਾਈਐ। ਬਸਤਰ ਪਾਉਣ ਵੇਲੇ ਇਹ ਸੋਚਾਂ ਕਿ ਇਹ ਮੇਰੇ ਗੁਰੂ ਨੂੰ ਕਿਵੇਂ ਪਿਆਰੇ ਲੱਗਣਗੇ। ਛਕਣ ਵੇਲੇ ਥਾਲੀ ਵਿੱਚ ਉਹ ਚੀਜ਼ਾਂ ਹੋਣ ਜਿਹੜੀਆਂ ਮੇਰੇ ਗੁਰੂ ਨੂੰ ਪਿਆਰੀਆਂ ਲੱਗਣ। ਗੁਰੂ ਕਾ ਸਿੱਖ ਕੁਝ ਪਹਿਨਣ ਵੇਲੇ, ਖਾਣ ਵੇਲੇ, ਪਹਿਲੇ ਆਪਣੇ ਗੁਰੂ ਨੂੰ ਅਰਪਣ ਕਰਦਾ ਹੈ। ਜੇ ਮਾੜੀ ਚੀਜ਼ ਥਾਲੀ ਵਿੱਚ ਪਈ ਹੈ, ਜਿਵੇਂ ਮੀਟ ਦੀ ਕੌਲੀ ਹੈ, ਸ਼ਰਾਬ ਦਾ ਗਿਲਾਸ ਹੈ ਤੇ ਭਾਵੇਂ ਕੋਈ ਨਸ਼ਾ ਹੈ, ਫਿਰ ਗੁਰੂ ਨੂੰ ਕਿਵੇਂ ਅਰਪਣ ਕਰੇਗਾ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ! ਮੇਰੀ ਹਰ ਕਿਰਿਆ ਵਿੱਚ ਆਪ ਜੀ ਵਸ ਜਾਓ। ਛਕਣ ਵੇਲੇ ਉਹ ਕੁਝ ਛਕਾਂ ਜੋ ਆਪ ਜੀ ਨੂੰ ਪਿਆਰਾ ਲੱਗੇ। ਮੈਂ ਬੋਲਾਂ ਵੀ ਉਹ ਕੁਝ ਜੋ ਆਪ ਜੀ ਨੂੰ ਪਿਆਰਾ ਲੱਗੇ। ਇਹ ਜ਼ਿੰਦਗੀ ਕਿੰਨੀ ਪਿਆਰੀ ਹੈ ਕਿ ਹਰ ਕਿਰਿਆ, ਹਰ ਚੀਜ਼ ਗੁਰੂ ਦੀ ਯਾਦ ਨਾਲ ਜੁੜ ਜਾਵੇ। ਇਸੇ ਨੂੰ ਆਖਿਆ ਹੈ:

***ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥***
***ਗੁਰੂ ਬਿਨਾ ਮੈ ਨਾਹੀ ਹੋਰ ॥***

***(ਅੰਗ ੮੬੪)***

ਹਰ ਚੀਜ਼ ਵਿੱਚ ਗੁਰੂ ਵਸ ਗਿਆ। ਬੋਲਾਂ ਵਿੱਚ, ਖਾਣ ਵਿੱਚ, ਪਹਿਨਣ ਵਿੱਚ, ਕਿਰਤ ਵਿੱਚ, ਦੇਖਣ ਵਿੱਚ। ਕਿਤੇ ਦਸਵੰਧ ਬੋਝ ਪਾ ਕੇ ਕੱਢਦਾ ਹਾਂ। ਕਿਤੇ ਦਸਵੰਧ ਕੱਢ ਕੇ ਖੁਸ਼ੀ ਹੁੰਦੀ ਹੈ, ਸ਼ੁਕਰ ਹੈ, ਮੈਂ ਗੁਰੂ ਦਾ ਹਿੱਸਾ ਪਹਿਲੇ ਕੱਢ ਲਿਆ ਹੈ। ਹਰ ਚੀਜ਼ ਵਿੱਚ ਗੁਰੂ ਦਾ ਭੈਅ।

ਵਾਰਾਨਸੀ ਤੋਂ ਪਟਨਾ ਸਾਹਿਬ ਵੱਲ ਸੜਕ ਰਾਹੀਂ ਜਾਓ ਤੇ ਰਸਤੇ ਵਿੱਚ ਇੱਕ ਨਗਰ ਆਉਂਦਾ ਹੈ। ਨਾਂ ਹੈ ਸਸਰਾਮ। ਉੱਥੇ ਐਸਾ ਇੱਕ ਸਿੱਖ ਹੋਇਆ ਹੈ, ਨਾਮ ਹੈ ਭਾਈ ਫੱਗੂ ਜੀ। ਜਿਸਦੇ ਖਾਣ ਵਿੱਚ, ਪਹਿਨਣ ਵਿੱਚ ਗੁਰੂ ਸਾਹਿਬ ਵਸੇ ਹੋਏ ਸਨ। ਵਾਹਿਗੁਰੂ ਜੀ ਨੇ ਕਿਰਪਾ ਕੀਤੀ, ਨਿਵਾਸ ਕਰਨ ਲਈ ਜਗ੍ਹਾ ਬਖਸ਼ ਦਿੱਤੀ, ਮਕਾਨ ਬਣਾਉਣ ਲਈ। ਮਿਸਤਰੀ ਸੱਦੇ। ਜਿਹੜਾ ਨਕਸ਼ਾ ਤਿਆਰ ਕਰਨ ਭਾਈ ਫੱਗੂ ਜੀ ਕਹਿਣ ਇਹ ਨਕਸ਼ਾ ਠੀਕ ਨਹੀਂ। ਹਰ ਕਿਰਿਆ ਵਿੱਚ ਗੁਰੂ ਸਾਹਿਬ ਵੱਸੇ ਪਏ ਸਨ। ਮਿਸਤਰੀ ਕਹਿਣ ਲੱਗੇ, ਭਾਈ ਫੱਗੂ ਜੀ, ਤੁਸੀਂ ਕਿਹੋ ਜਿਹਾ ਨਕਸ਼ਾ ਚਾਹੁੰਦੇ ਹੋ? ਆਮ ਮਕਾਨਾਂ ਦੇ

ਗੇਟ ਸੱਤ ਫੁੱਟ ਜਾਂ ਸਾਢੇ ਸੱਤ ਫੁੱਟ ਤੱਕ ਹੁੰਦੇ ਹਨ ਤੇ ਭਾਈ ਫੱਗੂ ਜੀ ਕਹਿਣ ਲੱਗੇ, ਚੌਦਾਂ ਪੰਦਰਾਂ ਫੁੱਟ ਦਾ ਗੇਟ ਹੋਵੇ। ਮਿਸਤਰੀ ਕਹਿਣ ਲੱਗੇ ਇੰਨਾ ਵੱਡਾ ਗੇਟ ਕਦੀ ਰੱਖਿਆ ਨਹੀਂ ਕਿਸੇ ਨੇ। ਭਾਈ ਸਾਹਿਬ ਅੱਗੋਂ ਕਹਿਣ ਲੱਗੇ, ਉਸ ਗੇਟ ਤੋਂ ਬਾਅਦ ਵਿਹੜਾ ਹੋਵੇ। ਵਿਹੜੇ ਤੋਂ ਬਾਅਦ ਜਿਹੜਾ ਕਮਰਾ ਹੋਵੇ, ਉਸ ਕਮਰੇ ਦਾ ਮੁੱਖ ਵਿਹੜੇ ਵੱਲ ਹੋਵੇ। ਉਸ ਤੋਂ ਪਿੱਛੇ ਗਰੀਬ ਸਿੱਖ ਰਵ੍ਹੇ। ਭਾਈ, ਇਹ ਕਿਹੋ ਜਿਹਾ ਨਕਸ਼ਾ ਹੈ? ਉਹ ਕਮਰਾ, ਉਹ ਵਿਹੜਾ, ਉੱਚਾ ਗੇਟ। ਕਾਂਸ਼ੀ ਵਿੱਚ ਬੈਠਾ ਹੈ ਤੇ ਉਸ ਦਾ ਨਕਸ਼ਾ ਵੇਖ ਕੇ, ਪਤਨੀ, ਬੱਚੇ, ਮਿਸਤਰੀ, ਆਂਢੀ ਗੁਆਂਢੀ ਸਭ ਹੈਰਾਨ ਹੁੰਦੇ ਹਨ ਕਿ ਇਹ ਕਿਹੋ ਜਿਹਾ ਨਕਸ਼ਾ ਹੈ ਤੇ ਕੀ ਕਹਿੰਦੇ ਹਨ ਭਾਈ ਫੱਗੂ ਜੀ, ਮੈਂ ਗੇਟ ਪੰਦਰਾਂ ਫੁੱਟ ਉੱਚਾ ਤਾਂ ਰਖਵਾ ਰਿਹਾ ਹਾਂ, ਮੈਨੂੰ ਆਸ ਹੈ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਮੇਰੇ ਘਰ ਚਰਨ ਪੈਣ ਤੇ ਮੇਰਾ ਚਿੱਤ ਕਰਦਾ ਹੈ ਕਿ ਉਹ ਘੋੜੇ ਸਮੇਤ ਅੰਦਰ ਆਉਣ। ਕਿੰਨੀ ਪ੍ਰੇਮ ਵਾਲੀ ਗੱਲ ਹੈ, ਜਿਨ੍ਹਾਂ ਦੀ ਕਿਰਿਆ ਵਿੱਚ ਗੁਰੂ ਸਾਹਿਬ ਵੱਸੇ ਹੋਣ। ਕੋਈ ਫੀਲ ਨਾ ਕਰੇ। ਤੁਹਾਨੂੰ ਵੀ ਜਦੋਂ ਵਾਹਿਗੁਰੂ ਮਕਾਨ ਬਖਸ਼ਦਾ ਹੈ ਤੇ ਜੇ ਗੁਰੂ ਸਾਹਿਬ ਤੁਹਾਡੇ ਅੰਦਰ ਵੱਸੇ ਹਨ ਤੇ ਨਕਸ਼ੇ ਵਿੱਚ ਹੁੰਦਾ ਹੈ ਕਿ ਸਤਿਗੁਰੂ ਜੀ ਦਾ ਕਮਰਾ ਇਹੋ ਜਿਹਾ ਹੋਵੇ ਕਿ ਹਵਾ ਦਾ ਵੀ ਧਿਆਨ ਹੋਵੇ, ਉੱਚਾ ਵੀ ਹੋਵੇ, ਠੰਡਾ ਵੀ ਹੋਵੇ। ਤੇ ਜੇ ਗੁਰੂ ਸਾਹਿਬ ਨਾ ਵੱਸੇ ਹੋਣ ਤੇ ਆਪਾਂ ਨਕਸ਼ਿਆਂ ਵਿੱਚ ਵੇਖਦੇ ਹਾਂ, ਬੱਚੇ ਜਿੰਨੇ ਹਨ, ਉਨੇ ਹੀ ਬੈੱਡ ਰੂਮ। ਲਾਬੀ ਵੀ ਵੱਖਰੀ ਹੋਵੇ। ਰਸੋਈ ਵੀ ਅੱਜ ਕਲ੍ਹ ਮੁਤਾਬਿਕ ਵੱਡੀ ਹੋਵੇ। ਬਾਥਰੂਮ ਵੀ ਵਧੀਆ ਹੋਣ ਤੇ ਜਦੋਂ ਕਿਤੇ ਗੁਰੂ ਸਾਹਿਬ ਦੇ ਕਮਰੇ ਦੀ ਵਾਰੀ ਆ ਜਾਵੇ ਤੇ ਫਿਰ ਪਰਛੱਤੀ ਰਹਿ ਜਾਂਦੀ ਹੈ। ਅੱਜ ਆਪਣੇ ਅੰਦਰ ਚੈੱਕ ਕਰਨਾ, ਜੇ ਸਾਡੇ ਘਰ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਬਿਰਾਜਮਾਨ ਹਨ ਤੇ ਮਰਿਆਦਾ ਮੁਤਾਬਿਕ ਸਤਿਕਾਰ ਨਹੀਂ ਰੱਖਿਆ ਤੇ ਲੇਖਾ ਦੇਣਾ ਪਵੇਗਾ। ਆਪਣੇ ਲਈ ਵਧੀਆ ਤੋਂ ਵਧੀਆ ਕਮਰੇ ਤੇ ਕਈ ਵਾਰ ਗੁਰੂ ਸਾਹਿਬ ਜੀ ਦੇ ਕਮਰੇ ਦੀ ਹਾਲਤ ਇੰਨੀ ਮਾੜੀ ਹੁੰਦੀ ਹੈ ਕਿ ਪਰਛੱਤੀਆਂ ਰਹਿ ਜਾਂਦੀਆਂ ਹਨ, ਸੇਵਾ ਨਹੀਂ ਤੇ ਸਾਨੂੰ ਬਜਾਏ ਪੁੰਨਾਂ ਦੇ, ਲੇਖਾ ਦੇਣਾ ਪਵੇਗਾ। ਜੇਕਰ ਸਤਿਗੁਰਾਂ ਦਾ ਪ੍ਰਕਾਸ਼ ਘਰ ਨਹੀਂ ਜਗ੍ਹਾ ਘੱਟ ਹੈ। ਫਿਰ ਆਪਣੇ ਘਰ ਅਭਿਆਸ ਲਈ ਕੁਝ ਜਗ੍ਹਾ ਬਣਾ ਲੈ। ਕਿਸੇ ਕਮਰੇ ਵਿੱਚ ਪਲਾਈ ਦੀ ਪਾਰਟੀਸ਼ਨ ਦੇ ਕੇ ਪਰ ਜੇ ਸਤਿਗੁਰੂ ਜੀ ਨੂੰ ਬਿਰਾਜਮਾਨ ਕਰਵਾਉਣਾ ਹੈ ਤੇ ਫਿਰ ਗੁਰੂ ਸਾਹਿਬ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਜਿੰਨੇ ਮਾਈ ਭਾਈ ਬੈਠੇ ਹੋ, ਸੰਗਤ ਵਿੱਚ ਆਪਣਾ ਮੀਟਰ ਆਪਣੇ ਆਪ ਹੀ ਚੈੱਕ ਕਰ ਲੈਣਾ। ਜੇ ਨਵਾਂ ਮਕਾਨ ਲੈਂਦੇ ਹੋ ਜਾਂ ਬਣਾਉਂਦੇ ਹੋ ਤੇ ਜਿਨ੍ਹਾਂ ਦੀ ਕਿਰਿਆ ਵਿੱਚ ਗੁਰੂ ਵੱਸਿਆ ਹੋਵੇ, ਉਹ ਪਹਿਲਾਂ ਸਤਿਗੁਰੂ ਜੀ ਬਾਰੇ ਸੋਚਦੇ ਹਨ। ਆਪਣੇ ਬੈੱਡਰੂਮ ਬਾਅਦ ਵਿੱਚ। ਆਪਣਾ ਸਭ ਕੁਝ ਬਾਅਦ ਵਿੱਚ। ਪਹਿਲਾਂ ਸਤਿਗੁਰੂ ਜੀ ਦਾ ਕਮਰਾ ਜਿੱਥੇ ਡੱਟ ਕੇ ਨਿਤਨੇਮ ਤੇ ਡੱਟ ਕੇ ਸੇਵਾ ਹੋ ਸਕੇ। ਗੱਲ ਪਛਾਣਨ ਦੀ ਹੈ। ਤੁਹਾਡੇ ਬੱਚੇ ਤਿੰਨ ਵੇਲੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੋਗ ਲਗਾਉਣਾ ਸਿੱਖੇ ਹੋਣ। ਭੋਗ ਕਿਵੇਂ ਲਗਾਉਣਾ ਹੈ? ਦੁਪਹਿਰੀ ਪ੍ਰਸ਼ਾਦਾ ਬਣਿਆ ਹੈ। ਸਾਰੀਆਂ ਚੀਜ਼ਾਂ ਨੂੰ ਸ੍ਰੀ ਸਾਹਿਬ ਭੇਟ ਕਰਕੇ ਥਾਲੀ ਪਹਿਲਾਂ ਸਤਿਗੁਰੂ ਜੀ ਕੋਲ ਜਾਵੇ।

***ਕਿਆ ਤੂ ਸੋਚਹਿ ਕਿਆ ਤੂ ਚਿਤਵਹਿ***
***ਕਿਆ ਤੂੰ ਕਰਹਿ ਉਪਾਏ ॥***
***ਤਾ ਕਉ ਕਹਹੁ ਪਰਵਾਹ***
***ਕਾਹੂ ਕੀ ਜਿਹ ਗੋਪਾਲ ਸਹਾਏ ॥੧॥***
***ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥***

*ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ*
*ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥*
*ਅਨਿਕ ਪ੍ਰਕਾਰ ਭੋਜਨ ਬਹੁ ਕੀਏ*
*ਬਹੁ ਬਿੰਜਨ ਮਿਸਟਾਏ ॥*
*ਕਰੀ ਪਾਕਸਾਲ ਸੋਚ ਪਵਿਤ੍ਰਾ*
*ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥*
*(ਅੰਗ ੧੨੬੬)*

ਇਹ ਕੋਈ ਹੋਰ ਨਹੀਂ। ਇਹ ਸਤਿਗੁਰੂ ਜੀ ਦੀਆਂ ਉਚਾਰਨ ਕੀਤੀਆਂ ਪੰਕਤੀਆਂ ਪੜ੍ਹੀਆਂ ਜਾ ਰਹੀਆਂ ਹਨ। ਭਗਤ ਨਾਮਦੇਵ ਜੀ ਦੀਆਂ ਉਚਾਰਨ ਕੀਤੀਆਂ ਪੰਕਤੀਆਂ ਹਨ:

*ਦੂਧੁ ਕਟੋਰੈ ਗਡਵੈ ਪਾਨੀ ॥*
*ਕਪਲ ਗਾਇ ਨਾਮੈ ਦੁਹਿ ਆਨੀ ॥੧॥*
*ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥*
*(ਅੰਗ ੧੧੬੩)*

ਇੱਕ ਰੀਝ ਸੀ। ਕਿੰਨੇ ਕੁ ਅਮੀਰ ਸੀ, ਭਗਤ ਨਾਮਦੇਵ ਜੀ ਪਰ ਥੋੜ੍ਹੇ-ਥੋੜ੍ਹੇ ਪੈਸੇ ਇਕੱਠੇ ਕਰਕੇ ਸੋਨੇ ਦੀ ਕੋਲੀ ਲਈ ਹੋਵੇਗੀ। ਸੋਨੇ ਦੀ ਬਣਾਈ ਹੋਵੇਗੀ ਕਿ ਭੋਗ ਲਗਾਉਣਾ ਹੈ।

*ਸੁਇਨ ਕਟੋਰੀ ਅੰਮ੍ਰਿਤ ਭਰੀ ॥*
*ਲੈ ਨਾਮੈ ਹਰਿ ਆਗੈ ਧਰੀ ॥੨॥*
*ਏਕੁ ਭਗਤੁ ਮੇਰੇ ਹਿਰਦੇ ਬਸੈ ॥*
*ਨਾਮੇ ਦੇਖਿ ਨਰਾਇਨੁ ਹਸੈ ॥੩॥*
*ਦੂਧੁ ਪੀਆਇ ਭਗਤੁ ਘਰਿ ਗਇਆ ॥*
*ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥*
*(ਅੰਗ ੧੧੬੩)*

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਆਸ਼ਾ ਹੈ ਕਿ ਭੋਗ ਲਗਾਉਣਾ ਚਾਹੀਦਾ ਹੈ। ਦਾਸ ਨੂੰ ਕਿਸੇ ਨੇ ਸਵਾਲ ਕੀਤਾ? ਤੁਹਾਡੇ ਘਰ ਵੀ ਗੁਰੂ ਸਾਹਿਬ ਦਾ ਕਮਰਾ ਹੈ ਤੇ ਹੋਰ ਸੰਗੀਆਂ ਘਰ। ਤਿੰਨ ਵੇਲੇ ਭੋਗ ਲਗਾਉਂਦੇ ਹਨ ਤੇ ਕਦੀ ਕਿਸੇ ਨੂੰ ਦਰਸ਼ਨ ਵੀ ਹੋਏ ਹਨ। ਦਾਸ ਨੇ ਕਿਹਾ ਕਿ ਦਾਸ ਕਿਸੇ ਦਾ ਤਾਂ ਦੱਸ ਨਹੀਂ ਸਕਦਾ। ਦਰਸ਼ਨ ਹੋਣੇ ਬੜੀ ਵੱਡੀ ਕਿਰਪਾ ਚਾਹੀਦੀ ਹੈ। ਅਵਸਥਾ ਨਾ ਹੋਵੇ ਤੇ ਬਿਨਾਂ ਅਵਸਥਾ ਉਸ ਨੂੰ ਕਹੀ ਵੀ ਜਾਣਾ, ਪਖੰਡ ਨਾ ਬਣ ਜਾਵੇ। ਦਾਸ ਨੇ ਕਿਹਾ ਕਿ ਦਰਸ਼ਨ ਹੋ ਜਾਣ, ਬੜੀ ਵੱਡੀ ਕਿਰਪਾ ਪਰ ਜੇ ਨਾ ਵੀ ਹੋਣ, ਜਦੋਂ ਤੂੰ ਸੁਰਤੀ ਨਾਲ ਥਾਲੀ ਲਗਾਈ ਹੈ, ਭੋਗ ਲਗਵਾਇਆ ਹੈ, ਉਸ ਦਾ ਵੱਡਾ ਲਾਭ ਕੀ ਹੈ? ਤੇਰੇ ਘਰ ਦਾ ਸਾਰਾ ਲੰਗਰ ਤੇਰੀ ਰੋਟੀ ਅੰਮ੍ਰਿਤ ਬਣ ਗਈ ਹੈ। ਦਰਸ਼ਨ ਹੋਣੇ ਬੜੀ ਵੱਡੀ ਗੱਲ ਹੈ। ਤੇਰੇ ਘਰ ਦੀ ਰਸੋਈ ਵਿੱਚ ਜਾ ਕੇ ਰਲੇਗਾ, ਉਹ ਸਭ ਕੁਝ ਅੰਮ੍ਰਿਤ ਬਣ ਜਾਵੇਗਾ। ਗੁਰੂ ਦੀ ਕਿਰਪਾ ਰਵ੍ਹੇ, ਪਰਚਾ ਨਾ ਪਵੇ। ਤੇਰੇ ਪਰਿਵਾਰ ਦੀ ਬੁੱਧੀ ਫਿਰ ਅੰਮ੍ਰਿਤ ਵਾਲੀ ਬਣ ਜਾਵੇਗੀ। ਭੋਗ ਲੱਗਾ ਹੋਵੇਗਾ। ਗੱਲ ਪਛਾਣਨ ਦੀ ਹੈ। ਜੇਕਰ ਨਹੀਂ ਪਛਾਨਿਆ ਤੇ ਗੁਰੂ ਲਈ ਪਰਛੱਤੀਆਂ ਰਹਿ ਗਈਆਂ। ਨਹੀਂ ਪਛਾਨਿਆ ਤੇ ਸਤਿਗੁਰੂ ਜੀ ਦੇ ਕਮਰੇ ਵਿੱਚ ਪੱਖਾ ਵੀ ਨਹੀਂ ਤੇ ਆਪਣੇ ਹਰ ਕਮਰੇ ਵਿੱਚ ਏ.ਸੀ. ਹੈ।

ਪਛਾਣਨ ਦੀ ਅੱਖ ਖੋਲ੍ਹਿਓ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਕਿਸੇ ਦੇ ਘਰ ਦੋ ਕਮਰੇ ਹਨ, ਘਰ ਛੋਟਾ ਹੈ। ਕਿਸੇ ਕਮਰੇ ਵਿੱਚ ਤਿੰਨ ਫੁੱਟ ਪਾਰਟੀਸ਼ਨ ਪਾ ਕੇ ਗੁਰਬਾਣੀ ਦੀਆਂ ਸੈਂਚੀਆਂ ਪ੍ਰਕਾਸ਼ ਕਰਕੇ ਆਸਣ ਲਗਾ ਲਓ, ਦਸਾਂ ਪਾਤਸ਼ਾਹੀਆਂ ਵਿੱਚੋਂ ਕਿਸੇ ਵੀ ਪਾਤਸ਼ਾਹੀ ਦਾ ਧਿਆਨ ਧਰ ਕੇ। ਉੱਥੇ ਬੈਠ ਕੇ ਨੇਮ ਕਰੋ। ਵੇਖੋ ਕਿੰਨਾ ਰਸ ਆਉਂਦਾ ਹੈ। ਸਮਰੱਥਾ ਹੈ, ਸਤਿਗੁਰੂ ਜੀ ਘਰ ਬਿਰਾਜਮਾਨ ਹਨ ਤੇ ਸਤਿਗੁਰੂ ਜੀ ਦਾ ਕਮਰਾ ਸਭ ਤੋਂ ਸੁੰਦਰ ਹੋਣਾ ਚਾਹੀਦਾ ਹੈ। ਤਿੰਨ ਵੇਲੇ ਭੋਗ। ਨਾਲ-ਨਾਲ ਉੱਥੇ ਬੈਠ ਕੇ ਨੇਮ ਹੋਵੇ। ਸਹਿਜ ਪਾਠ ਚੱਲਣ। ਖੁੱਲ੍ਹੇ ਪਾਠ

ਚੱਲਣ।

ਇੱਕ ਬੈਰਾਗਣ ਹੁੰਦੀ ਹੈ, ਬੈਠ ਕੇ ਅਭਿਆਸ ਕਰਨ ਵਾਸਤੇ। ਲੱਕੜ ਦੀ ਬੈਰਾਗਣ ਹੈ, ਬੈਠ ਕੇ। ਇੱਕ ਬਾਬਾ ਨੰਦ ਸਿੰਘ ਜੀ ਨੇ ਚਲਾਈ ਖਲ੍ਹੋ ਕੇ ਬੈਰਾਗਣ। ਤੁਸੀਂ ਨਾਨਕਸਰ ਜਾਓ ਤੇ ਭੋਰਾ ਸਾਹਿਬ ਵਿੱਚ ਪਾਈਪ ਲੱਗਾ ਹੋਇਆ ਹੈ। ਬਾਬਾ ਜੀ ਪਾਈਪ ਤੇ ਬਾਂਹ ਰੱਖ ਕੇ ਖਲ੍ਹੋ ਕੇ ਸਿਮਰਨ ਕਰਦੇ ਸਨ। ਉਸ ਨਾਲ ਵੀ ਅੱਧਾ-ਪੌਣਾ ਘੰਟਾ ਤੁਹਾਡੀ ਨੀਂਦਰ ਉੱਡ ਜਾਂਦੀ ਹੈ। ਕਦੀ ਰੀਝ ਆ ਜਾਵੇ ਤਾਂ ਭਾਈ ਵੀਰ ਸਿੰਘ ਜੀ ਨੂੰ ਪੜ੍ਹੋ ਤੇ ਉਨ੍ਹਾਂ ਨੇ ਲਿਖਿਆ ਹੈ ਕਿ ਰੀੜ੍ਹ ਦੀ ਹੱਡੀ ਸਾਧਨਾ ਵੇਲੇ ਜਿੰਨੀ ਸਿੱਧੀ ਰੱਖਾਂਗੇ, ਓਨੀ ਨੀਂਦਰ ਦਾ ਘੱਟ ਜ਼ੋਰ ਪਵੇਗਾ। ਸੰਗਤ ਵਿੱਚ ਵੇਖ ਲਓ। ਕਥਾ ਚੱਲ ਰਹੀ ਹੋਵੇ, ਕੀਰਤਨ ਚੱਲ ਰਿਹਾ ਹੋਵੇ, ਤੁਹਾਨੂੰ ਲੰਬਾ ਟਾਈਮ ਚੁਪਹਿਰਾ ਕੱਟਣਾ ਪਵੇ। ਤੁਸੀਂ ਆਪਣਾ ਸਿਰ ਥੱਲੇ ਸੁੱਟ ਦਿਓ। ਥੱਲੇ ਹੋਰ ਕਰ ਦਿਓ। ਹੋਰ ਕਰ ਦਿਓ ਤੇ ਹੌਲੀ ਹੌਲੀ ਵੇਖਿਓ, ਮਿੱਠੀ ਮਿੱਠੀ ਨੀਂਦ ਦਾ ਜ਼ੋਰ ਸ਼ੁਰੂ ਹੋ ਜਾਂਦਾ ਹੈ। ਇਹ ਆਪਣੇ ਆਪ ਨੂੰ ਆਲਸ ਤੋਂ ਬਚਾਉਣ ਦੇ ਸਾਧਨ ਹਨ।

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥***

*(ਅੰਗ ੨੯੫)*

ਸਾਡੀ ਜ਼ਿੰਦਗੀ ਇੰਝ ਗੁਰੂ ਸਾਹਿਬ ਨਾਲ ਓਤ ਪੋਤ ਹੋਵੇ। ਭਾਈ ਫੱਗੂ ਜੀ ਨੇ ਇੱਕ ਮਕਾਨ ਬਣਾਉਣਾ ਹੈ ਤੇ ਕਹਿਣ ਲੱਗੇ ਕਿ ਗੇਟ ਪੰਦਰਾਂ ਫੁੱਟ ਉੱਚਾ ਹੋਵੇ, ਖੁੱਲ੍ਹਾ ਵਿਹੜਾ ਹੋਵੇ ਤੇ ਘੋੜੇ ਸਮੇਤ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਘਰ ਦੇ ਅੰਦਰ ਆਉਣ ਅਤੇ ਸਿੱਧਾ ਕਮਰੇ ਵਿੱਚ ਪਲੰਘ ਤੇ ਬੈਠਣ। ਵਿਹੜੇ ਵਿੱਚ ਸੰਗਤਾਂ ਬੈਠਣ। ਜਿੰਨ੍ਹਾਂ ਨੂੰ ਰੀਝ ਹੈ ਤੇ ਉਹ ਮਕਾਨ ਇਸ ਹਿਸਾਬ ਨਾਲ ਬਣਾਉਂਦੇ ਹਨ ਕਿ ਸੰਗਤਾਂ ਕਿਵੇਂ ਬੈਠਣ। ਪਲੰਘ ਤੇ ਸਤਿਗੁਰੂ ਜੀ ਬੈਠਣ ਤੇ ਵਿਹੜੇ ਵਿੱਚ ਸੰਗਤਾਂ ਬੈਠਣ ਤੇ ਇੰਝ ਦੀਵਾਨ ਸੱਜਣ ਤੇ ਹਰ ਕੋਈ ਕਹਿੰਦਾ ਸੀ ਕਿ ਇਸ ਨੂੰ ਕੀ ਹੋ ਗਿਆ ਹੈ। ਕਿੱਥੇ ਪੰਜਾਬ, ਕਿੱਥੇ ਕਾਂਸ਼ੀ। ਤੇਰੇ ਘਰ ਹੀ ਆਉਣਾ ਹੈ, ਗੁਰੂ ਸਾਹਿਬ ਨੇ। ਉਡੀਕ ਤਾਂ ਹੋਵੇ :

***ਉਡੀਨੀ ਉਡੀਨੀ ਉਡੀਨੀ ॥***
***ਕਬ ਘਰਿ ਆਵੈ ਰੀ ॥੧॥ ਰਹਾਉ ॥***

*(ਅੰਗ ੮੩੦)*

ਹੁਣ ਮਕਾਨ ਬਣਦਾ ਪਿਆ ਹੈ 15 ਫੁੱਟ ਉੱਚਾ ਗੇਟ, ਖੁੱਲ੍ਹਾ ਵਿਹੜਾ ਰੱਖ ਦਿੱਤਾ। ਕਮਰੇ ਦਾ ਮੂੰਹ ਇਧਰ ਕਰ ਦਿੱਤਾ। ਸਾਰੇ ਕਹਿਣ ਭਾਈ ਫੱਗੂ ਜੀ ਲੱਗਦਾ ਬਾਵਰੇ ਹੋ ਗਏ ਹਨ। ਬਾਣੀ ਵਿੱਚ ਵੀ ਲਿਖਿਆ ਹੈ :

***ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥***

*(ਅੰਗ ੮੫੫)*

ਲੋਕ ਕਹਿੰਦੇ ਹੀ ਹਨ ਪਰ ਕਿਤੇ ਘਬਰਾ ਨਾ ਜਾਇਓ। ਡਟੇ ਰਹਿਣਾ। ਰੀਤ ਚਲੀ ਆ ਰਹੀ ਹੈ। ਮਕਾਨ ਬਣ ਗਿਆ। ਕਮਰਾ ਬਣ ਗਿਆ। ਪਲੰਘ ਵਿਛ ਗਿਆ ਸੁੱਚੀ ਵਿਛਾਈ ਹੋ ਗਈ ਤੇ ਉਸ ਪਲੰਘ ਤੇ ਕਿਸੇ ਨੂੰ ਨਹੀਂ ਬੈਠਣ ਦਿੰਦੇ। ਹਫਤੇ ਬਾਅਦ ਬਸਤਰ ਬਦਲਦੇ ਹਨ ਤੇ ਪਲੰਘ ਦੇ ਉੱਤੇ ਸਿਰ ਰੱਖ ਕੇ ਅੱਖਾਂ ਉਡੀਕਦੀਆਂ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਇਸ ਸਿਰਹਾਣੇ ਅੱਗੇ ਤੁਸੀਂ ਕਦੋਂ ਬੈਠੇ ਹੋਵੋਗੇ? ਸਤਿਗੁਰੂ ਜੀ, ਕਦੋਂ ਵਿਹੜਾ ਸੰਗਤਾਂ ਨਾਲ ਭਰਿਆ ਹੋਵੇਗਾ। ਇਸ ਪਲੰਘ ਤੇ ਤੁਸੀਂ ਕਦੋਂ ਬਿਰਾਜਮਾਨ ਹੋਵੋਗੇ। ਸਾਰਾ ਇਤਿਹਾਸ ਪੜ੍ਹ ਲਓ। ਦਸਾਂ ਪਾਤਸ਼ਾਹੀਆਂ ਦਾ। ਕਦੇ ਸੁਣਿਆ ਅਗਰ ਕਿਸੇ ਨੇ ਕਿਹਾ ਹੋਵੇ ਕਿ ਸਤਿਗੁਰੂ ਜੀ, ਮੈਂ ਤੁਹਾਨੂੰ ਤਿੰਨ ਲੱਖ ਦਿਆਂਗਾ,

ਮੈਨੂੰ ਦਰਸ਼ਨ ਦੇ ਦਿਓ। ਕਿਧਰੇ ਅਜਿਹਾ ਨਹੀਂ ਹੈ ਪਰ ਅਗਰ ਕਿਸੇ ਨੇ ਨਿੱਕਾ ਜਿਹਾ ਕੁੜ੍ਹਤਾ ਹੀ ਸੀਤਾ ਹੈ, ਪਿਆਰ ਨਾਲ ਤੇ ਗੁਰੂ ਸਾਹਿਬ ਨੂੰ ਉਹ ਵੀ ਕਸ਼ਮੀਰ ਵਿਖੇ ਉਸਦੀ ਭਾਵਨਾ ਪੂਰੀ ਕਰਨ ਵਾਸਤੇ ਜਾਣਾ ਪਿਆ ਹੈ। ਗੁਰੂ ਪ੍ਰੇਮ ਦਾ ਭੁੱਖਾ ਹੈ। ਆਗਰੇ ਗੁਰਦੁਆਰਾ ਸਾਹਿਬ ਹੈ ਮਾਈ ਕਾ ਥਾਨ ਜਿੱਥੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ। ਉੱਥੇ ਮਾਈ ਵੀ ਉਡੀਕਦੀ ਸੀ, ਥਾਨ ਬਣਾ ਕੇ ਰੱਖਿਆ ਹੈ, ਛੇਵੇਂ ਪਾਤਸ਼ਾਹ ਜੀ ! ਕਦੋਂ ਆ ਕੇ ਪ੍ਰਵਾਨ ਕਰੋਗੇ। ਇੱਥੇ ਵੀ ਭਾਈ ਫੱਗੂ ਮੱਲ ਜੀ ਪ੍ਰੇਮ ਦੇ ਰੰਗ ਵਿੱਚ ਬੈਠੇ ਹਨ ਤੇ ਉੱਧਰ ਨੌਵੇਂ ਪਾਤਸ਼ਾਹ ਜੀ ਪ੍ਰੇਮ ਦੇ ਖਿੱਚੇ ਅਰਦਾਸਾਂ ਪੁੱਜੀਆਂ। ਘੋੜੇ ਸਮੇਤ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਭਾਈ ਫੱਗੂ ਜੀ ਦੇ ਘਰ ਪੁੱਜੇ। ਭਾਈ ਫੱਗੂ ਜੀ ਦਾ ਸਿਰ ਪਲੰਘ ਦੇ ਉੱਤੇ, ਵੈਰਾਗ ਵਿੱਚ। ਓਨਾ ਹਿੱਸਾ ਗਿੱਲਾ ਹੋਇਆ ਪਿਆ ਸੀ। ਸਤਿਗੁਰੂ ਜੀ ਅਵਾਜ਼ਾਂ ਦਿੰਦੇ ਹਨ, ਭਾਈ ਫੱਗੂ, ਤੇਰੇ ਘਰ ਆ ਗਏ ਹਾਂ। ਜਦੋਂ ਵੇਖਿਆ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਘੋੜੇ ਉੱਪਰ ਤੇ ਸਾਖੀ ਵਿੱਚ ਲਿਖਿਆ ਹੈ, 15 ਸਿੱਖ ਹੋਰ ਨਾਲ ਸਨ ਤੇ ਘੋੜਿਆਂ ਦੇ ਮਗਰ ਹੋਰ ਸੰਗਤਾਂ। ਭਾਈ ਫੱਗੂ ਜੀ ਹੈਰਾਨ ਹੋ ਗਏ ਕਿ ਇਹ ਸੁਪਨਾ ਹੈ ਜਾਂ ਹਕੀਕਤ ਹੈ। ਪ੍ਰਤੱਖ ਉਡੀਕਾਂ ਪੂਰੀਆਂ ਹੋ ਗਈਆਂ। ਭਾਈ ਫੱਗੂ ਜੀ ਨੇ ਬੇਨਤੀ ਕੀਤੀ, ਨੌਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਜੀ ਘੋੜੇ ਤੋਂ ਉਤਰਨ ਲੱਗਿਆਂ ਜ਼ਮੀਨ ਤੇ ਚਰਨ ਨਾ ਧਰਿਓ। ਮੇਰੀ ਪਿੱਠ ਤੇ ਚਰਨ ਧਰ ਕੇ ਇਸ ਪਲੰਘ ਤੇ ਬਿਰਾਜਮਾਨ ਹੋਵੋ। ਸਤਿਗੁਰੂ ਜੀ! ਤੁਹਾਡਾ ਘੋੜਾ ਤਾਂ ਰੋਜ਼ ਹਾਜ਼ਰੀ ਲਗਾਉਂਦਾ ਹੈ, ਅੱਜ ਮੇਰੀ ਵੀ ਹਾਜ਼ਰੀ ਲੱਗ ਜਾਵੇ। ਮੇਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਬਿਰਾਜਮਾਨ ਹੋਏ। ਦਸ ਬਾਰਾਂ ਦਿਨ ਦੀਵਾਨ ਚੱਲੇ। ਜਦੋਂ ਮੇਰੇ ਸਤਿਗੁਰੂ ਜੀ ਅੱਗੇ ਚਾਲੇ ਪਾਉਣ ਲੱਗੇ ਤੇ ਸਾਰੀ ਸੰਗਤ ਸਾਹਮਣੇ ਅੱਜ ਦੱਸਣਾ ਚਾਹੁੰਦੇ ਸੀ, ਇਹ ਸਿੱਖ ਕੌਣ ਹੈ। ਗੁਰੂ ਸਾਹਿਬ ਕਹਿਣ ਲੱਗੇ, ਭਾਈ ਫੱਗੂ, ਤੇਰੇ ਇਲਾਕੇ ਵਿੱਚ ਕੀ ਡਿਊਟੀ ਹੈ? ਇਸ ਦੀ ਡਿਊਟੀ ਸੀ ਇਲਾਕੇ ਵਿੱਚ ਕਾਰ ਸੇਵਾ ਇਕੱਠੀ ਕਰਨੀ ਤੇ ਸਤਿਗੁਰੂ ਜੀ ਕਹਿੰਦੇ, ਤੂੰ ਇੱਕ ਘਰ ਦੀ ਕਾਰ ਭੇਟਾ ਨਹੀਂ ਭੇਜੀ। ਸਾਰੀ ਸੰਗਤ ਦੇ ਮਨ ਵਿੱਚ ਇੱਕ ਵਾਰੀ ਤਾਂ ਫੁਰਨਾ ਬਣ ਗਿਆ ਇਹ ਕੀ ਗੱਲ ਹੈ? ਭਾਈ ਫੱਗੂ ਹੱਥ ਜੋੜ ਕੇ ਕਹਿੰਦਾ ਹੈ, ਸਤਿਗੁਰੂ ਜੀ ! ਸਾਰੀ ਭੇਟਾ ਭੇਜਦਾ ਰਿਹਾ ਹਾਂ। ਅਣਜਾਣਪੁਣੇ ਵਿੱਚ ਕੋਈ ਭੁੱਲ ਹੋਈ ਹੈ ਤਾਂ ਬਖਸ਼ ਦਿਓ। ਅੱਜ ਸੰਗਤ ਨੂੰ ਦੱਸਣਾ ਸੀ। ਸਤਿਗੁਰੂ ਜੀ ਕਹਿੰਦੇ, ਫਲਾਣੇ ਨਗਰ ਵਿੱਚ ਇੱਕ ਬੀਬੀ ਦੇ ਘਰੋਂ ਤੈਨੂੰ ਭੇਟਾ ਮਿਲੀ ਤੇ ਯਾਦ ਕਰ, ਉਹ ਨਹੀਂ ਭੇਜੀ। ਕਹਿਣ ਲੱਗਾ, ਸਤਿਗੁਰੂ ਜੀ ! ਉਹ ਭੇਜਣ ਵਾਲੀ ਨਹੀਂ ਸੀ। ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਕਹਿੰਦੇ, ਸਾਰੀ ਸੰਗਤ ਨੂੰ ਸੁਣਾ। ਅੱਜ ਦੱਸਣਾ ਸੀ, ਸਿੱਖ ਕੌਣ ਹੈ? ਅੱਜ ਕੁਝ ਲੈ ਕੇ ਜਾਣਾ। ਭਾਈ ਫੱਗੂ ਜੀ ਕਹਿਣ ਲੱਗੇ, ਜਦੋਂ ਮੈਂ ਉਸ ਬੀਬੀ ਦੇ ਘਰ ਗਿਆ ਤੇ ਉਹ ਬੀਬੀ ਝਾੜੂ ਦੇ ਰਹੀ ਸੀ ਤੇ ਮੈਂ ਉਸ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਲਈ ਕਾਰ ਭੇਟਾ। ਸਤਿਗੁਰੂ ਜੀ, ਉਹ ਘਰ ਦੇ ਕਲੇਸ਼ ਤੋਂ ਕਲਪੀ ਹੋਈ ਸੀ। ਕਈ ਵਾਰ ਘਰ ਵਿੱਚ ਮਾੜਾ-ਮੋਟਾ ਰੌਲਾ ਪਿਆ ਹੁੰਦਾ ਹੈ ਤੇ ਬੰਦੇ ਦਾ ਮਨ ਕਲਪਿਆ ਹੁੰਦਾ ਹੈ। ਇਸ ਲਈ ਕਹਿੰਦੇ ਹਨ ਨਿਰੀ ਰਸਨਾ ਨਹੀਂ ਬੋਲਦੀ, ਚਿਹਰਾ ਵੀ ਬੋਲਦਾ ਹੈ। ਬੀਬੀਆਂ ਨੂੰ ਪਤਾ ਹੈ। ਘਰਵਾਲਾ ਆਵੇ। ਬੜਾ ਖੁਸ਼ ਹੋਵੇ। ਲਿਆਓ ਬਈ ਪਾਣੀ, ਲਿਆਓ ਫਲਾਣੀ ਚੀਜ਼ ਤੇ ਚਿਹਰਾ ਹੀ ਦੱਸ ਦਿੰਦਾ ਹੈ ਕਿ ਸਾਰਾ ਦਿਨ ਇਨ੍ਹਾਂ ਦਾ ਕੁਝ ਗਾਹਕ ਹੱਟੀ ਤੇ ਵਧੀਆ ਸੀ। ਮੁਨਾਫਾ ਚੰਗਾ ਹੋਇਆ ਹੈ। ਚਿਹਰਾ ਬੋਲ ਦਿੰਦਾ ਹੈ ਤੇ ਦੂਜੇ ਪਾਸੇ ਜੇ

ਘਰ ਆ ਕੇ ਗੱਲ ਹੀ ਨਾ ਕਰੇ। ਗੁੱਸਾ ਚੜ੍ਹਿਆ ਹੋਵੇ ਤੇ ਚਿਹਰਾ ਬੋਲ ਪੈਂਦਾ ਹੈ। ਅੱਜ ਕੋਈ ਨੁਕਸਾਨ ਹੋਇਆ ਹੈ। ਅੱਜ ਕਲਪੇ ਪਏ ਹਨ। ਚਿਹਰਾ ਬੋਲਦਾ ਹੈ। ਚਿਹਰਾ ਵੀ ਗੱਲਾਂ ਕਰਦਾ ਹੈ। ਸਤਿਗੁਰੂ ਜੀ! ਉਹ ਝਾੜੂ ਦੇ ਰਹੀ ਸੀ। ਕਿਤੇ ਘਰ ਕਲੇਸ਼ ਸੀ। ਕਲਪੀ ਹੋਈ ਸੀ ਤੇ ਮੈਂ ਰੁਟੀਨ ਵਿੱਚ ਆਖਿਆ, ਗੁਰੂ ਘਰ ਲਈ ਕਾਰ ਭੇਟਾ। ਤੇ ਉਸ ਬੀਬੀ ਨੇ ਆਖਿਆ ਸਾਡੇ ਘਰ ਕਲੇਸ਼ ਨਹੀਂ ਮੁੱਕਦਾ ਤੇ ਤੈਨੂੰ ਆਪਣੀ ਕਾਰ ਭੇਟਾ ਦੀ ਪਈ ਹੋਈ ਹੈ। ਉਸਨੇ ਝਾੜੂ ਨਾਲ ਕੂੜਾ ਇਕੱਠਾ ਕੀਤਾ ਹੋਇਆ ਸੀ ਤੇ ਗੁੱਸੇ ਨਾਲ ਮੇਰੇ ਰੁਮਾਲ ਵਿੱਚ ਪਾ ਦਿੱਤਾ ਇਹ ਲੈ ਜਾ। ਜੇ ਸਾਨੂੰ ਵੀ ਕੋਈ ਕੌੜਾ ਬੋਲ ਕਹਿ ਦੇਵੇ ਤੇ ਅਸੀਂ ਵੀ ਸੋਚਦੇ ਹਾਂ ਕਿ ਇਸਨੂੰ ਚਾਰ ਸੁਣਾ ਲਈਏ। ਸਤਿਗੁਰੂ ਜੀ ਕਹਿਣ ਲੱਗੇ ਕਿ ਫਿਰ ਤੂੰ ਕੀ ਕੀਤਾ? ਕਹਿਣ ਲੱਗਾ, ਸਤਿਗੁਰੂ ਜੀ! ਮੈਂ ਆਖਿਆ ਇਸ ਦਾ ਕਸੂਰ ਨਹੀਂ। ਇਹ ਬੀਬੀ ਘਰ ਦੇ ਕਲੇਸ਼ ਤੋਂ ਕਲਪੀ ਹੈ। ਮੈਂ ਰੁਮਾਲ ਕੱਢਿਆ ਤੇ ਵਿਛਾ ਲਿਆ ਤੇ ਆਖਿਆ, ਬੀਬੀ, ਜੇ ਤੂੰ ਸੇਵਾ ਵਿੱਚ ਆਪਣੇ ਘਰ ਦਾ ਕੂੜਾ ਦੇ ਰਹੀ ਹੈਂ ਤੇ ਮੈਨੂੰ ਇਹ ਵੀ ਮਨਜ਼ੂਰ ਹੈ। ਕੂੜਾ ਇਕੱਠਾ ਕਰਕੇ ਰੁਮਾਲ ਵਿੱਚ ਪਾ ਲਿਆ। ਗੁਰੂ ਸਾਹਿਬ ਕੀ ਦੱਸਣਾ ਚਾਹੁੰਦੇ ਹਨ। ਮੇਰੇ ਸਿੱਖ ਵਿੱਚ ਕਹਿਣੀ ਵੀ ਹੋਵੇ, ਰਹਿਣੀ ਵੀ ਹੋਵੇ, ਬਹਿਣੀ ਵੀ ਹੋਵੇ ਤੇ ਸਹਿਣੀ ਵੀ ਹੋਵੇ। ਗੁਰੂ ਸਾਹਿਬ ਸਹਿਣੀ ਚੈੱਕ ਕਰਦੇ ਹਨ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਲਈ ਬਾਟਾ ਕਿਉਂ ਵਰਤਿਆ? ਕਿਸੇ ਹੋਰ ਭਾਂਡੇ ਵਿੱਚ ਅੰਮ੍ਰਿਤ ਕਿਉਂ ਨਹੀਂ ਤਿਆਰ ਕੀਤਾ? ਬਾਟੇ ਦਾ ਮੂੰਹ ਉੱਤੋਂ ਖੁੱਲ੍ਹਾ ਵੀ ਹੁੰਦਾ ਹੈ ਤੇ ਚੌੜਾ ਵੀ ਹੁੰਦਾ ਹੈ ਭਾਵ ਇਹ ਕਿ ਸਿੱਖਾ, ਇਹ ਜਗ ਕਾਜਲ ਦੀ ਕੋਠੜੀ ਹੈ। ਤੇਰਾ ਹਿਰਦਾ ਬਾਟੇ ਵਰਗਾ ਵੱਡਾ ਹੋਵੇ। ਸਹਿਣੀ ਵੀ ਹੋਵੇ। ਜਿਸ ਦੇ ਕੋਲ ਜਿੰਨੀ ਸਹਿਣੀ ਹੈ, ਉਸ ਦੀ ਜ਼ਿੰਦਗੀ ਵਿੱਚ ਓਨੇ ਕਲੇਸ਼ ਘੱਟ ਹਨ।

***ਜਿਨ੍ਹਾਂ ਨੇ ਦੇਖ ਕੇ ਅਣਡਿੱਠ ਕੀਤਾ।***
***ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ***
***ਖਾਲਸਾ ਜੀ, ਬੋਲੋ ਜੀ ਵਾਹਿਗੁਰੂ।***

ਅਖੰਡ ਕੀਰਤਨੀ ਜਥੇ ਦੇ ਸਿੰਘ ਹੋਏ ਹਨ, ਭਾਈ ਰਾਮਾ ਸਿੰਘ ਜੀ। ਹੁਣ ਚੋਲਾ ਬਦਲ ਗਏ ਹਨ। ਉਨ੍ਹਾਂ ਦੀ ਇੱਕ ਕਿਤਾਬ ਹੈ: **ਸਿੱਕਾ ਸੋਨੇ ਦਾ, ਰੂਪ ਗੋਬਿੰਦ ਦਾ, ਰਾਜ ਖਾਲਸੇ ਦਾ।** ਕਿਤੇ ਲਿਆ ਕੇ ਪੜ੍ਹਿਓ। ਬੜੇ ਰੰਗੇ ਹੋਏ ਹਨ ਅਤੇ ਉਨ੍ਹਾਂ ਨੇ ਆਪਣੀਆਂ ਦੋਵੇਂ ਫੋਟੋਆਂ ਦਿੱਤੀਆਂ ਹਨ। ਇੱਕ ਤੇ ਲਿਖਿਆ ਹੈ, ਮਨਮੁੱਖ ਤੇ ਇੱਕ ਤੇ ਲਿਖਿਆ ਹੈ, ਗੁਰੂ ਦੀ ਕਿਰਪਾ ਨਾਲ ਗੁਰਮੁੱਖ। ਪਹਿਲਾ ਜੀਵਨ ਤੇ ਨਵਾਂ ਜੀਵਨ। ਅਭਿਆਸ ਹੋ ਗਿਆ। ਕਿਰਪਾ ਹੋ ਗਈ। ਫਿਰ ਕਈ ਕੁਝ ਵਰਤਿਆ। ਉਨ੍ਹਾਂ ਨੇ ਕਿਤਾਬ ਵਿੱਚ ਆਪਣੇ ਦੋਸਤ ਦਾ ਜ਼ਿਕਰ ਲਿਖਿਆ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਮੇਰਾ ਇੱਕ ਦੋਸਤ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਉੱਤੇ ਪੰਦਰਾਂ ਸਾਲ ਤੋਂ ਝਾੜੂ ਦੀ ਸੇਵਾ ਕਰ ਰਿਹਾ ਸੀ। ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ, ਪੰਦਰਾਂ ਸਾਲ ਤੋਂ ਚਾਰ ਘੰਟੇ ਰੋਜ਼ ਜਿਸ ਪਾਸੇ ਤੋਂ ਅੰਦਰ ਜਾਂਦੇ ਹਾਂ ਤੇ ਦੂਸਰੇ ਪਾਸੇ ਤੋਂ ਸੰਗਤ ਵਾਪਸ ਆਉਂਦੀ ਹੈ, ਮੇਨ ਰਸਤਾ, ਦਰਸ਼ਨੀ ਡਿਊਢੀ ਵਾਲੇ ਪਾਸੇ। ਜਿਧਰੋਂ ਵਾਪਸ ਆਉਣਾ ਹੈ, ਉਧਰ ਵੀ ਝਾੜੂ ਤੇ ਪਰਕਰਮਾ ਵਿੱਚ ਵੀ ਝਾੜੂ। ਭਾਈ ਰਾਮਾ ਸਿੰਘ ਜੀ ਨੇ ਜ਼ਿਕਰ ਲਿਖਿਆ ਹੈ ਕਿ ਇੱਕ ਦਿਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਤੁੱਠ ਪਏ। ਪੰਦਰਾਂ ਸਾਲ ਹੋ ਗਏ ਹਨ, ਸੇਵਾ ਕਰਦਿਆਂ। ਅੱਜ ਇਸ ਨੂੰ ਦਰਸ਼ਨ ਦੇਣੇ ਹਨ। ਇਹ ਉਨ੍ਹਾਂ ਨੇ ਜ਼ਿਕਰ ਲਿਖਿਆ ਹੈ। ਝਾੜੂ ਦੇ ਰਿਹਾ ਹੈ। ਗੁਰੂ ਸਾਹਿਬ ਜਦੋਂ ਮੌਜ ਵਿੱਚ ਆ ਜਾਂਦੇ ਹਨ।

ਕਈ ਵਾਰੀ ਸੇਵਾ ਤੇ ਤੁੱਠ ਪੈਂਦੇ ਹਨ ਧੰਨ ਸ੍ਰੀ ਗੁਰੂ ਰਾਮਦਾਸ ਜੀ। ਇਹ ਝਾੜੂ ਦੇ ਰਿਹਾ ਸੀ ਤੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਮਗਰ ਖਲੋ ਗਏ ਤੇ ਦਰਸ਼ਨ ਦੇਣ ਤੋਂ ਪਹਿਲਾਂ ਉਸ ਸਿੱਖ ਦੀ ਸਹਿਣੀ ਚੈੱਕ ਕੀਤੀ। ਜਦੋਂ ਕੋਈ ਝਾੜੂ ਦੀ ਸੇਵਾ ਕਰਦਾ ਹੈ ਤੇ ਸੇਵਾ ਜਿਹੜੀ ਇਕੱਠੀ ਹੋਈ ਹੁੰਦੀ ਹੈ, ਚਰਨ ਧੂੜ ਕਹਿ ਲਓ। ਉਹ ਢੇਰੀ ਬਣ ਜਾਂਦੀ ਹੈ। ਸਾਈਡ ਤੇ ਢੇਰੀ ਲਗਾ ਦਿੰਦਾ ਹੈ ਤੇ ਫਿਰ ਦੂਜੇ ਪਾਸੇ ਤੋਂ ਲਿਆਂਦਾ ਹੈ ਤੇ ਸਾਈਡ ਤੇ ਢੇਰੀ ਲਗਾਉਂਦਾ ਹੈ। ਧੰਨ ਸ੍ਰੀ ਗੁਰੂ ਰਾਮਦਾਸ ਜੀ ਸੋਚਦੇ ਹਨ ਕਿ ਸਹਿਣੀ ਚੈੱਕ ਕਰ ਲਈਏ। ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਮ ਸਿੱਖ ਦੇ ਰੂਪ ਵਿੱਚ ਦਰਸ਼ਨ ਦੇਣ ਤੋਂ ਪਹਿਲਾਂ, ਆਪਣੇ ਚਰਨਾਂ ਨਾਲ ਇਕੱਠੀ ਕੀਤੀ ਹੋਈ ਸੇਵਾ ਖਲ੍ਹੇਰ ਦਿੱਤੀ। ਜਦੋਂ ਖਲ੍ਹੇਰ ਦਿੱਤੀ ਤੇ ਜਿਹੜਾ ਇਹ ਪੰਦਰਾਂ ਸਾਲ ਤੋਂ ਸੇਵਾ ਕਰ ਰਿਹਾ ਸੀ, ਮੁੱਖ ਵਿੱਚੋਂ ਨਿਕਲਿਆ, ਤੁਰਨਾ ਵੀ ਨਹੀਂ ਆਉਂਦਾ। ਜਿਹੜੇ ਸਿੱਖ ਦੇ ਰੂਪ ਵਿੱਚ ਖਲ੍ਹੇਰੀ ਸੀ, ਘੜੀ ਦੇ ਪੰਜ ਸਕਿੰਟ ਕਹਿ ਲਓ ਜਾਂ ਸੱਤ ਸਕਿੰਟ ਕਹਿ ਲਓ। ਸਿੱਖ ਦੇ ਰੂਪ ਵਿੱਚ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪਣੇ ਅਸਲੀ ਰੂਪ ਦੀ ਝਲਕ ਦਿੱਤੀ। ਝਲਕ ਦੇ ਕੇ ਅਲੋਪ ਹੋ ਗਏ। ਇਸ ਨੂੰ ਇੰਨਾ ਵੈਰਾਗ, ਇੰਨਾ ਵੈਰਾਗ। ਸਤਿਗੁਰੂ ਜੀ ਤੁਸੀਂ ਸੀ। ਅੱਜ ਮੈਂ ਕੀ ਕਹਿ ਬੈਠਾ। ਉਸ ਦਿਨ ਤੋਂ ਤਰਲੇ ਸ਼ੁਰੂ ਹੋ ਗਏ, ਦੁਬਾਰਾ ਦਰਸ਼ਨ ਕਦੋਂ ਹੋਣਗੇ ਪਰ ਅਵਾਜ਼ ਆਵੇ, ਦਰਸ਼ਨ ਦੇਣ ਤੇ ਆਏ ਸੀ ਪਰ ਤੇਰੇ ਅੰਦਰ ਸਹਿਣੀ ਨਹੀਂ ਸੀ। ਇਹ ਕੋਸ਼ਿਸ਼ ਕਰੋ, ਲੰਗਰ ਵਰਤਾਉਂਦਿਆਂ, ਸੇਵਾ ਕਰਦਿਆਂ ਪਤਾ ਨਹੀਂ ਕਿਹੜੇ ਰੂਪ ਵਿੱਚ ਉਨ੍ਹਾਂ ਨੇ ਤੁਹਾਨੂੰ ਮਿਲ ਜਾਣਾ ਹੈ, ਕੋਸ਼ਿਸ਼ ਕਰੋ, ਹਰ ਇੱਕ ਵਿੱਚੋਂ ਉਸ ਦਾ ਰੂਪ ਵੇਖਿਆ ਜਾਵੇ। ਬਣਦੀ ਤਾਂ ਔਖੀ ਅਵਸਥਾ ਹੈ ਪਰ ਉਹ ਸਹਿਣੀ ਚੈੱਕ ਕਰਦਾ ਹੈ।

ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੂੰ ਗੁਰਿਆਈ ਦਿੱਤੀ, ਥੜ੍ਹੇ ਬਣਾ ਦਿਓ, ਢਾਹ ਦਿਓ, ਸਹਿਣੀ ਚੈੱਕ ਕਰ ਰਹੇ ਸੀ। ਕਿੰਨਾ ਵੱਡਾ ਹਿਰਦਾ ਹੈ। ਸਤਿਗੁਰੂ ਜੀ ਕਹਿਣ ਲੱਗੇ, ਭਾਈ ਫੱਗੂ ਅੱਗੋਂ ਕੀ ਹੋਇਆ? ਵੇਖੋ ਸਿੱਖ ਦਾ ਜੀਵਨ। ਕਹਿਣ ਲੱਗੇ, ਮੈਂ ਕੂੜਾ ਬੰਨ ਲਿਆ। ਘਰ ਆ ਕੇ ਸੁੱਟ ਨਹੀਂ ਦਿੱਤਾ। ਘਰ ਆ ਕੇ ਮੂਲਮੰਤਰ ਤੇ ਗੁਰਮੰਤਰ ਦਾ ਜਾਪ ਕਰਕੇ ਰੁਮਾਲ ਖੋਲ੍ਹਣ ਤੋਂ ਪਹਿਲਾਂ ਅਰਦਾਸ ਕੀਤੀ, ਤੁਹਾਡੇ ਚਰਨਾਂ ਵਿੱਚ ਕਿ ਸਤਿਗੁਰੂ ਜੀ! ਹੈ ਤਾਂ ਕੂੜਾ ਇਕੱਠਾ ਕੀਤਾ ਹੈ। ਹਰ ਮਹੀਨੇ ਬਾਅਦ ਉਗਰਾਹੀ ਲੈਣ ਜਾਂਦਾ ਹਾਂ ਪਰ ਸਤਿਗੁਰੂ ਜੀ! ਮੈਂ ਰੁਮਾਲ ਖੋਲ੍ਹਣ ਲੱਗਾ ਹਾਂ, ਅਰਦਾਸ ਕਰਕੇ। ਇਸ ਰੁਮਾਲ ਵਿੱਚੋਂ ਕੁਝ ਕੱਢ ਦਿਓ। ਇਸ ਬੀਬੀ ਦੀ ਇਸ ਮਹੀਨੇ ਦੀ ਹਾਜ਼ਰੀ ਲੱਗ ਜਾਵੇ। ਵੇਖੋ, ਗੁਰੂ ਕੇ ਸਿੱਖ।

***ਤੇਰੇ ਭਾਣੇ ਸਰਬੱਤ ਦਾ ਭਲਾ।***

ਜਦੋਂ ਮੂਲਮੰਤਰ ਤੇ ਗੁਰਮੰਤਰ ਦਾ ਜਾਪ ਕਰਕੇ ਰੁਮਾਲ ਖੋਲ੍ਹਿਆ ਤੇ ਕੂੜਾ ਉਂਗਲਾਂ ਨਾਲ ਪਾਸੇ ਕਰੀ ਜਾ ਰਹੇ ਹਨ। ਸਤਿਗੁਰੂ ਜੀ! ਕੁਝ ਕੱਢ ਦਿਓ ਤੇ ਇੱਕ ਬੇਰ ਦੀ ਗਿਟਕ ਨਿਕਲੀ। ਵੇਖੋ, ਕਹਿਣ ਲੱਗਾ, ਮੈਨੂੰ ਚਾਅ ਚੜ੍ਹ ਗਏ। ਸ਼ੁਕਰ ਹੈ ਬੀਬੀ ਦੀ ਹਾਜ਼ਰੀ ਲੱਗ ਗਈ ਹੈ। ਕਹੀ ਫੜੀ ਤੇ ਘਰ ਵਿੱਚ ਦੋ ਚਾਰ ਕਹੀ ਦੇ ਟੱਕ ਮਾਰੇ। ਉਹ ਗਿਟਕ ਰੱਖ ਕੇ ਉੱਤੇ ਮਿੱਟੀ ਪਾ ਦਿੱਤੀ। ਫਿਰ ਜਪੁ ਜੀ ਸਾਹਿਬ ਦੀ ਬਾਣੀ ਪੜ੍ਹ ਕੇ ਅਰਦਾਸ ਕਰ ਦਿੱਤੀ, ਸਤਿਗੁਰੂ ਜੀ! ਇਸ ਗਿਟਕ ਦਾ ਬੂਟਾ ਬਣਾ ਦੇਣਾ। ਸੰਗਤਾਂ ਬੇਰ ਛਕਣ। ਉਸ ਬੀਬੀ ਦੀ ਹਾਜ਼ਰੀ ਲੱਗਦੀ ਰਹੇ। ਪੜ੍ਹੋ ਪੰਕਤੀ ਜੀ :

***ਤੇਰੇ ਭਾਣੇ ਸਰਬੱਤ ਦਾ ਭਲਾ।***

ਭਾਈ ਫੱਗੂ ਜੀ ਕਹਿਣ ਲੱਗੇ, ਸਮਾਂ ਬਣਿਆ, ਉਹ ਬੀਜ ਪੁੰਗਰ ਪਿਆ ਤੇ ਬੂਟਾ ਵੱਡਾ ਹੁੰਦਾ ਹੁੰਦਾ ਫਿਰ ਦਰੱਖਤ ਦਾ ਰੂਪ ਧਾਰਨ ਕਰ ਗਿਆ। ਉਹ ਬੇਰੀ ਅਜੇ ਤੱਕ ਮੌਜੂਦ ਹੈ। ਕਾਸ਼ੀ ਸਸਰਾਮ ਨਗਰ ਵਿੱਚ ਇਹ ਬੇਰੀ ਅੱਜ ਤੱਕ ਮੌਜੂਦ ਹੈ। ਭਾਈ ਫੱਗੂ ਜੀ ਕਹਿਣ ਲੱਗੇ, ਇਸ ਨੂੰ ਬੇਰ ਲੱਗਦੇ ਹਨ ਤੇ ਤੁਹਾਡੀਆਂ ਸੰਗਤਾਂ ਛੱਕਦੀਆਂ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਦੱਸਿਆ, ਇਹੋ ਜਿਹੇ ਸਿੱਖਾਂ ਦੀ ਮੈਨੂੰ ਲੋੜ ਹੈ। ਆ ਭਾਈ ਫੱਗੂ। ਦੋਵੇਂ ਹੱਥ ਸਿਰ ਤੇ ਰੱਖੇ ਤੇ ਨਿਹਾਲ, ਨਿਹਾਲ, ਨਿਹਾਲ ਕਹਿ ਕੇ ਕੁੱਲਾਂ ਤੱਕ ਬਖਸ਼ਿਸ਼ ਕੀਤੀ। ਨਾਮ ਦੀ ਰੌਂਅ ਚਲਾ ਦਿੱਤੀ। ਦਾਤਾਂ ਬਖਸ਼ੀਆਂ। ਸਾਰੇ ਪਿਆਰ ਨਾਲ ਕਹਿ ਦਿਓ:

***ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥***

*(ਅੰਗ ੧੪੨੫)*

○○○

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।



Dhan Dhan Mata Kaulan Ji Sifit Salah
Harwinder Singh
Paytm UPI
9876525850@paytm

ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 5 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 195/- ਰੁਪਏ, ਦੋ ਸਾਲ ਦਾ ਚੰਦਾ 350/- ਰੁਪਏ, ਪੰਜ ਸਾਲ ਦਾ ਚੰਦਾ 660/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+45=195/- |
| ਦੋ ਸਾਲ | 300+50=350/- |
| ਪੰਜ ਸਾਲ | 600+60=660/- |
| ਲਾਈਫ | 2400+100=2500/- |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਰਨ ਆਇਆਂ ਦੀ ਲਾਜ ਰੱਖਣ ਵਾਲੇ

***—ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ)***

ਗੁਰਬਾਣੀ ਦੀ ਇੱਕ ਪਾਵਨ ਪੰਕਤੀ ਹੈ:

**ਧੌਲੁ ਧਰਮੁ ਦਇਆ ਕਾ ਪੂਤੁ ॥**

*(ਸ੍ਰੀ ਜਪੁ ਜੀ ਸਾਹਿਬ)*

ਇਸ ਪੰਕਤੀ ਦੇ ਜੇ ਸ਼ਬਦ ਅਰਥ ਕਰੀਏ ਤੇ ਇਹ ਅਰਥ ਨਿਕਲਦਾ ਹੈ ਕਿ ਧਰਮ ਕਮਾਉਣ ਲਈ ਅੰਦਰ ਦਇਆ ਦਾ ਗੁਣ ਹੋਣਾ ਅਤਿ ਜ਼ਰੂਰੀ ਹੈ। ਜੇ ਅੰਦਰ ਦਇਆ ਨਹੀਂ ਤੇ ਧਰਮ ਕਮਾਇਆ ਹੀ ਨਹੀਂ ਜਾ ਸਕਦਾ। ਇਸ ਪੰਕਤੀ ਨੂੰ ਸਾਹਮਣੇ ਰੱਖ ਕੇ ਜੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਦੇਖੀਏ ਤੇ ਗੱਲ ਸਾਰੀ ਖੁੱਲ੍ਹ ਜਾਂਦੀ ਹੈ। ਦਇਆ ਕਮਾਉਣੀ ਸਿੱਖਣੀ ਹੋਵੇ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਦੇਖੀਏ। ਧਰਮ ਕਿਸੇ ਦਾ ਖਤਰੇ ਵਿੱਚ ਹੈ ਪਰ ਹਿਰਦਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਪਸੀਜ ਰਿਹਾ ਹੈ।

ਕਿਸੇ ਨੇ ਕਿਹਾ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਹਿਰਦਾ ਮੱਖਣ ਵਰਗਾ ਨਰਮ ਸੀ ਤੇ ਸੰਗਤ ਵਿੱਚ ਬੈਠੇ ਸਨ, ਇੱਕ ਮਹਾਂਪੁਰਸ਼ ਤੇ ਉਹ ਕਹਿਣ ਲੱਗੇ, ਬੇਅਦਬੀ ਕਰ ਰਿਹਾ ਹੈਂ। ਉਹ ਹੈਰਾਨ ਹੋ ਕੇ ਕਹਿਣ ਲੱਗਾ, ਬੇਅਦਬੀ ਕਿਵੇਂ? ਮੈਂ ਤਾਂ ਸਤਿਗੁਰੂ ਪਿਤਾ ਜੀ ਦੀ ਸਿਫਤ ਕਰ ਰਿਹਾ ਹਾਂ। ਮਹਾਂਪੁਰਸ਼ਾਂ ਨੇ ਰਮਜ਼ ਖੋਲ੍ਹੀ (ਸੁਮੱਤ ਦਿੱਤੀ), ਕਹਿਣ ਲੱਗੇ, ਓਏ ਭਲੇ ਪੁਰਖਾ ਮੱਖਣ ਉਦੋਂ ਪਿੰਘਲਦਾ ਹੈ, ਜਦੋਂ ਮੱਖਣ ਨੂੰ ਸੇਕ ਲੱਗੇ ਪਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਹਿਰਦਾ ਮੱਖਣ ਤੋਂ ਵੀ ਨਰਮ ਸੀ। ਸੇਕ ਕਿਸੇ ਦੇ ਧਰਮ ਨੂੰ ਲੱਗ ਰਿਹਾ ਹੈ ਪਰ ਹਿਰਦਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਪਿੰਘਲ ਰਿਹਾ ਹੈ।

ਸਿੱਖਾਂ ਦਾ ਕੇਂਦਰੀ ਅਸਥਾਨ ਹੈ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਘਰ। ਮੁਸਲਮਾਨ ਵੀਰਾਂ ਦਾ ਕੇਂਦਰੀ ਅਸਥਾਨ ਹੈ ਮੱਕਾ ਮਦੀਨਾ ਅਤੇ ਹਿੰਦੂ ਵੀਰਾਂ ਦਾ ਕੇਂਦਰੀ ਅਸਥਾਨ ਹੈ ਸ੍ਰੀ ਅਮਰਨਾਥ ਮੰਦਿਰ, ਕਸ਼ਮੀਰੀ ਪੰਡਿਤਾਂ ਨੇ ਉੱਥੇ ਪੁਕਾਰ ਕੀਤੀ ਸੀ ਕਿ ਸਾਡਾ ਧਰਮ ਖਤਰੇ ਵਿੱਚ ਹੈ ਜਿਵੇਂ ਵੀ ਉਨ੍ਹਾਂ ਵਿੱਚ ਰੀਤ ਹੈ ਯੱਗ ਕਰਕੇ ਬੇਨਤੀ ਕੀਤੀ ਕਿ ਸਾਡੀ ਰਾਖੀ ਕਰੋ, 15-20 ਦਿਨ ਰਹਿ ਗਏ ਹਨ ਔਰੰਗਜ਼ੇਬ ਦੀਆਂ ਚਿੱਠੀਆਂ ਆ ਗਈਆਂ ਹਨ ਕਿ ਇਸ ਤਾਰੀਕ ਨੂੰ ਤੁਹਾਡੀ ਵਾਰੀ ਹੈ ਜੰਞੂ ਉਤਾਰਨ ਦੀ। ਜੰਞੂ ਤੋਲ ਕੇ ਰੋਟੀ ਖਾਂਦਾ ਸੀ ਔਰੰਗਜ਼ੇਬ। ਹੁਣ ਜਦੋਂ ਪੂਰੀ ਤਰ੍ਹਾਂ ਡਿੱਗ ਕੇ ਅਮਰਨਾਥ ਦੇ ਮੰਦਿਰ ਵਿੱਚ ਫਰਿਆਦ ਕੀਤੀ ਤੇ ਅੱਗੋਂ ਆਕਾਸ਼ਵਾਣੀ ਕੀ ਹੋਈ ਆਪ ਨਿਰੰਕਾਰ, ਪਰਮੇਸ਼ਰ ਧਰਤੀ ਦੇ ਉੱਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿੱਚ ਆਏ ਹੋਏ ਹਨ। ਇਸ ਵੇਲੇ ਨੌਵੇਂ ਜਾਮੇ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਚਰ ਰਹੇ ਹਨ ਤੇ ਤੁਹਾਡੀ ਸਾਰੀ ਫਰਿਆਦ ਉੱਥੇ ਸੁਣੀ ਜਾਣੀ ਹੈ, ਆਪਣੀ ਅਰਦਾਸ ਉੱਥੇ ਜਾ ਕੇ ਕਰੋ। ਫਿਰ 500

ਕਸ਼ਮੀਰੀ ਪੰਡਿਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆਏ। 500 ਪੰਡਿਤਾਂ ਨੇ ਇੱਕੋ ਜਿਹੇ ਰੰਗ ਦੇ ਚੋਲੇ ਪਾਏ ਤੇ ਧੋਤੀਆਂ ਬੰਨੀਆਂ ਇੱਕੋ ਜਿਹੇ ਕੱਪੜੇ ਨਾਲ ਸਿਰ ਢੱਕਿਆ ਤੇ ਤਿਲਕ ਲਗਾਏ ਹੋਣ ਜਿੱਥੇ 500 ਸਰੀਰ ਇਸ ਤਰ੍ਹਾਂ ਖੜ੍ਹਾ ਹੋਵੇ ਬਦੋ ਬਦੀ ਤੁਹਾਡਾ ਧਿਆਨ ਉੱਥੇ ਜਾਵੇਗਾ। ਪੌਣੇ ਨੌ ਸਾਲ ਦੀ ਉਮਰ ਵਿੱਚ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖੇਡਦੇ ਖੇਡਦੇ ਆਏ ਹਨ ਸ੍ਰੀ ਅਨੰਦਪੁਰ ਸਾਹਿਬ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬੈਠੇ ਹਨ ਜਦੋਂ 500 ਸਰੀਰ ਇੱਕੋ ਜਿਹੇ ਪਹਿਰਾਵੇ ਵਿੱਚ ਦੇਖੇ ਤੇ ਦਸਵੇਂ ਪਾਤਸ਼ਾਹ ਜੀ ਬਾਲ ਉਮਰ ਪੌਣੇ ਨੌ ਸਾਲ ਦੀ ਕਹਿਣ ਲੱਗੇ ਪਿਤਾ ਜੀ ਇਹ ਕੌਣ ਹਨ? ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ ਇਹ ਦੁਖੀ ਹਨ। ਕੀ ਗੱਲ ਪਿਤਾ ਜੀ? ਨੌਵੇਂ ਪਾਤਸ਼ਾਹ ਜੀ ਕਹਿੰਦੇ ਇਨ੍ਹਾਂ ਦਾ ਧਰਮ ਖਤਰੇ ਵਿੱਚ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪੁੱਛਦੇ ਹਨ ਇਨ੍ਹਾਂ ਦਾ ਧਰਮ ਫਿਰ ਕਿਵੇਂ ਬਚ ਸਕਦਾ ਹੈ? ਨੌਵੇਂ ਪਾਤਸ਼ਾਹ ਜੀ ਕਹਿੰਦੇ ਹਨ, ਕਿਸੇ ਪੂਰਨ ਪੁਰਖ ਨੂੰ ਕੁਰਬਾਨੀ ਦੇਣੀ ਪਵੇਗੀ। ਇਹ ਕੈਸਾ ਘਰ ਹੈ ਬਾਬੇ ਨਾਨਕ ਜੀ ਦਾ ਜਦੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਖਿਆ ਕਿਸੇ ਪੂਰਨ ਪੁਰਖ ਨੂੰ ਕੁਰਬਾਨੀ ਦੇਣੀ ਪਵੇਗੀ ਤਾਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਲ ਉਮਰ ਵਿੱਚ ਕਹਿਣ ਲੱਗੇ ਪਿਤਾ ਜੀ ਫਿਰ ਤੁਹਾਡੇ ਤੋਂ ਵੱਡਾ ਪੂਰਨ ਪੁਰਖ ਕੌਣ ਹੋ ਸਕਦਾ ਹੈ।

***ਜਬ ਸ਼ਹੀਦੀ ਕੀ ਲੋੜ ਪੜੀ ਤੋ ਪਾਲਕ ਕੋ ਭੇਜਾ।***
***ਜਬ ਸ਼ਹੀਦੀ ਦੀ ਲੋੜ ਪੜੀ ਤੋ ਬਾਲਕ ਕੋ ਭੀ ਭੇਜਾ।***

ਫਿਰ ਨੌਵੇਂ ਪਾਤਸ਼ਾਹ ਜੀ ਕਸ਼ਮੀਰੀ ਪੰਡਿਤਾਂ ਨੂੰ ਕਹਿਣ ਲੱਗੇ ਜਾ ਕੇ ਕਹਿ ਦਿਓ ਔਰੰਗਜ਼ੇਬ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਧਰਮ ਤਬਦੀਲ ਕਰਾ ਲਵੋ ਫਿਰ ਅਸੀਂ ਸਾਰੇ ਵੀ ਧਰਮ ਤਬਦੀਲ ਕਰ ਲਵਾਂਗੇ।

ਸ਼ਰਨ ਆਇਆਂ ਦੀ ਲਾਜ ਕਿਵੇਂ ਰੱਖਣੀ ਹੈ, ਦਇਆ ਕਿਵੇਂ ਕਮਾਉਣੀ ਹੈ, ਪਰਉਪਕਾਰ ਕਿਵੇਂ ਕਰਨਾ ਹੈ, ਕਿਸੇ ਦੀ ਬਾਂਹ ਕਿਵੇਂ ਫੜ੍ਹਨੀ ਹੈ, ਇਹ ਸਿੱਖਣਾ ਹੈ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਤੋਂ ਸਿੱਖੀਏ।

ਇਸ ਤੋਂ ਵੱਡੀ ਹੋਰ ਕੀ ਕਰਾਮਾਤ ਹੋ ਸਕਦੀ ਹੈ ਕਿ ਸਮੇਂ ਦੇ ਰਹਿਬਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਇਆ ਕਮਾਉਣ ਲਈ, ਸ਼ਰਨ ਆਏ ਦੀ ਲਾਜ ਰੱਖਣ ਲਈ ਆਪ ਆਪਣੀ ਸ਼ਹੀਦੀ ਦੇਣ ਲਈ ਦਿੱਲੀ ਗਏ। ਕਿਸੇ ਦੀ ਰਾਖੀ ਲਈ, ਕਿਸੇ ਦੀ ਪਤ ਬਚਾਉਣ ਲਈ ਜੇ ਆਪਣਾ ਆਪ ਵੀ ਵਾਰਨਾ ਪੈ ਜਾਵੇ ਤੇ ਕੋਈ ਵੱਡੀ ਗੱਲ ਨਹੀਂ।

26 ਸਾਲ ਭੋਰਿਆਂ ਵਿੱਚ ਰਹਿਣ ਵਾਲੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਅੱਜ ਸ਼ਰਨ ਆਇਆਂ ਦੀ ਲਾਜ ਰੱਖਣ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਦਿੱਲੀ ਵੱਲ ਚਾਲੇ ਪਾ ਦਿੱਤੇ ਤੇ ਆਪਣੀ ਸ਼ਹੀਦੀ ਦੇ ਕੇ ਦਇਆ ਕਮਾਉਣੀ ਸਿਖਾ ਦਿੱਤੀ। ਇਉਂ ਕਹਿ ਲਈਏ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਜੀਵਨ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫਰ ਹੈ ਤੇ ਕੋਈ ਅਤਿਕਥਨੀ ਨਹੀਂ।

ਆਓ, ਅਸੀਂ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਜੀਵਨ ਦੇ ਇਸ ਪਾਵਨ ਗੁਣ ਨੂੰ ਕਿਨਕਾ ਮਾਤਰ ਅੰਦਰ ਧਾਰਨ ਕਰੀਏ ਤੇ ਆਪਣੇ ਆਲੇ-ਦੁਆਲੇ ਝਾਤੀ ਮਾਰੀਏ ਜੇ ਕੋਈ ਬੱਚਾ ਆਰਥਿਕ ਪੱਖੋਂ ਕਮਜ਼ੋਰ ਹੈ ਤੇ ਉਸ ਦੀ

*—ਬਾਕੀ ਹਿੱਸਾ ਪੰਨਾ 19 'ਤੇ ਪੜ੍ਹੋ ਜੀ*

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

—ਭਾਈ ਪਾਲ ਸਿੰਘ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਉਨਿੰਜਵਾਂ ਸਲੋਕ :***

***ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥***
***ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥***
*(ਅੰਗ ੧੪੨੯)*

ਜਗਤ ਦੀ ਰਚਨਾ ਸਭ ਝੂਠੀ ਹੈ। ਹੇ ਮਿੱਤਰ! ਇਸ ਗੱਲ ਨੂੰ ਨਿਸ਼ਚੇ ਕਰ ਲਉ। ਇਹ ਟਿਕੀ ਨਹੀਂ ਰਹਿੰਦੀ ਜਿਸ ਤਰ੍ਹਾਂ ਬਾਲੂ (ਰੇਤ) ਦੀ ਕੰਧ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹ ਜੀ ਫ਼ਰਮਾਉਂਦੇ ਹਨ, ਹੇ ਭਲੇ ਪੁਰਸ਼ੋ! ਪਰਮਾਤਮਾ ਨੇ ਕਿਹੋ ਜਿਹੀ ਜਗਤ ਦੀ ਰਚਨਾ ਕਰ ਦਿੱਤੀ ਹੈ ਕਈ ਮਰਦੇ ਪਏ ਹਨ ਤੇ ਦੂਜਾ ਉਸ ਮਰੇ ਹੋਏ ਨੂੰ ਦੇਖ ਕੇ ਵੀ ਸਮਝੀ ਜਾਂਦਾ ਹੈ ਕਿ ਇਹ ਮਰ ਗਿਆ ਹੈ ਮੈਂ ਅਜੇ ਹੋਰ ਜੀਊਣਾ ਹੈ। ਕੈਸੀ ਅਸਚਰਜ ਖੇਡ ਤੁਸੀਂ ਬਣਾ ਦਿੱਤੀ ਇੱਕ ਮਰਿਆ ਹੈ, ਦੂਜਾ ਅੱਗੇ ਜੀਊਣ ਦੇ ਸੁਪਨੇ ਪਿਆ ਲੈਂਦਾ ਹੈ।

***ਸਾਧੋ ਰਚਨਾ ਰਾਮ ਬਨਾਈ ॥***
***ਇਕਿ ਬਿਨਸੈ ਇਕ ਅਸਥਿਰੁ ਮਾਨੈ***
***ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥***
*(ਅੰਗ ੨੧੯)*

ਸਤਿਗੁਰੂ ਜੀ ਆਖਦੇ ਹਨ, ਹੇ ਮਨੁੱਖ! ਇਸ ਗੱਲ ਨੂੰ ਆਪਣੀ ਜ਼ਿੰਦਗੀ ਵਿੱਚ ਪੱਕੀ ਤਰ੍ਹਾਂ ਧਾਰ ਲੈ ਕਿ ਸਾਰਾ ਸੰਸਾਰ ਸੁਪਨੇ ਵਰਗਾ ਹੈ। ਇਸ ਦੇ ਨਾਸ਼ ਹੁੰਦਿਆਂ ਚਿਰ ਨਹੀ ਲੱਗਦਾ ਜਿਵੇਂ ਕਿਸੇ ਨੇ ਰੇਤ ਦੀ ਕੰਧ ਉਸਾਰ ਕੇ ਪੋਚ ਕੇ ਤਿਆਰ ਕੀਤੀ ਹੋਵੇ ਪਰ ਉਹ ਕੰਧ ਚਾਰ ਦਿਨ ਵੀ ਟਿਕੀ ਨਹੀਂ ਰਹਿੰਦੀ।

***ਰੇ ਨਰ ਇਹ ਸਾਚੀ ਜੀਅ ਧਾਰਿ ॥***
***ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ***
***ਲਗਤ ਨ ਬਾਰ ॥੧॥ ਰਹਾਉ ॥***
***ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥***
***ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥੧॥***
*(ਅੰਗ ੬੩੩)*

ਭਗਤ ਫਰੀਦ ਜੀ ਕਹਿੰਦੇ ਹਨ ਕਿ ਧਰਤੀ ਅਸਮਾਨ ਤੋਂ ਪੁੱਛਦੀ ਹੈ ਕਿ ਹੇ ਅਸਮਾਨ! ਇਹ ਦੱਸ ਕਿ ਅੱਗੇ ਕਿੰਨੇ ਮਲਾਹ ਭਾਵ ਜੋ ਆਪਣੇ ਆਪ ਨੂੰ ਆਗੂ ਅਖਵਾਉਂਦੇ ਹਨ, ਹੋ ਗੁਜ਼ਰੇ ਹਨ? ਅੱਗੋਂ ਅਸਮਾਨ ਉੱਤਰ ਦਿੰਦਾ ਹੈ ਕਿ ਅਨੇਕਾਂ ਲੱਕੜਾਂ ਵਿੱਚ ਪੈ ਕੇ ਸੜ ਗਏ, ਅਨੇਕਾਂ ਕਬਰਾਂ ਵਿੱਚ ਪਏ ਹਨ ਤੇ ਕਈਆਂ ਦੀਆਂ ਰੂਹਾਂ ਦਰਗਾਹ ਵਿੱਚ ਉਲ੍ਹਾਮੇ ਸਹਿ ਰਹੀਆਂ ਹਨ।

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥***
***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥***
*(ਅੰਗ ੪੮੮)*

ਭਗਤ ਕਬੀਰ ਜੀ ਕਹਿੰਦੇ ਹਨ ਕਿ ਮਾਂ ਸਮਝਦੀ ਹੈ ਕਿ ਮੇਰਾ ਪੁੱਤਰ ਵੱਡਾ ਹੋ ਰਿਹਾ ਹੈ ਪਰ

ਉਹ ਇੰਨੀ ਗੱਲ ਨਹੀਂ ਸਮਝਦੀ ਕਿ ਜਿਉਂ-ਜਿਉਂ ਦਿਨ ਬੀਤ ਰਹੇ ਹਨ, ਇਸ ਦੀ ਉਮਰ ਘੱਟ ਰਹੀ ਹੈ। ਉਹ ਇਉਂ ਆਖਦੀ ਹੈ, ਇਹ ਮੇਰਾ ਪੁੱਤਰ ਹੈ, ਇਹ ਮੇਰਾ ਪੁੱਤਰ ਹੈ ਤੇ ਉਸ ਨਾਲ ਬੜਾ ਲਾਡ ਕਰਦੀ ਹੈ। ਮਾਂ ਦੀ ਮਮਤਾ ਨੂੰ ਵੇਖ ਵੇਖ ਕੇ ਯਮਰਾਜ ਹੱਸਦਾ ਹੈ।

***ਜਨਨੀ ਜਾਨਤ ਸੁਤੁ ਬਡਾ ਹੋਤੁ ਹੈ***
***ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥***
***ਮੋਰ ਮੋਰ ਕਰਿ ਅਧਿਕ ਲਾਡੁ***
***ਧਰਿ ਪੇਖਤ ਹੀ ਜਮਰਾਉ ਹਸੈ ॥੧॥***

*(ਅੰਗ ੯੧)*

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਦੀਵਾਲੀ ਦੀ ਰਾਤ ਕੇਵਲ ਇੱਕ ਹੈ। ਰਾਤ ਨੂੰ ਦੀਵੇ ਬਲੇ ਲੋਕ ਕਿੰਨੇ ਪ੍ਰਸੰਨ ਹੋਏ, ਸਾਰਾ ਸ਼ਹਿਰ ਜਗਮਗਾ ਰਿਹਾ ਹੈ ਪਰ ਜਦੋਂ ਸਵੇਰੇ ਝਾਤੀ ਮਾਰੀ ਬੁਝੇ ਹੋਏ ਦੀਵੇ ਤੇ ਟੁੱਟੇ ਹੋਏ ਦੀਵੇ ਪਏ ਹਨ। ਜਿਹੜੀ ਰਾਤ ਨੂੰ ਰੌਸ਼ਨੀ ਤੇ ਸ਼ੋਭਾ ਸੀ ਦਿਨ ਚੜ੍ਹਦਿਆਂ ਤੱਕ ਵੀਰਾਨ ਹੋ ਗਏ। ਬਗੀਚਿਆਂ ਵਿੱਚ ਫੁੱਲ ਖਿੜੇ ਪਰ ਉਹ ਖਿੜੇ ਹੋਏ ਫੁੱਲ ਨੂੰ ਚਾਰ ਦਿਨ ਦੀ ਖੇਡ ਕਿਹਾ ਹੈ। ਸਵੇਰੇ ਫੁੱਲ ਖਿੜਿਆ, ਮਾਲੀ ਨੇ ਤੋੜਿਆ ਪਰ ਪੰਜ ਸੱਤ ਘੰਟੇ ਹੀ ਖਿੜਿਆ ਤੇ ਮੁਰਝਾ ਗਿਆ।

ਇਨਸਾਨ ਥੱਲੇ ਬੈਠਾ ਪੈਸੇ ਗਿਣ ਰਿਹਾ ਹੈ ਕਿ ਕੱਲ੍ਹ ਇੰਨੇ ਸੀ ਅੱਜ ਇੰਨੇ ਵੱਧ ਗਏ ਤੇ ਪਰਮਾਤਮਾ ਉੱਪਰ ਬੈਠਾ ਸਾਹ ਗਿਣ ਰਿਹਾ ਹੈ ਕਿ ਕੱਲ੍ਹ ਇੰਨੇ ਸੀ ਤੇ ਅੱਜ ਇੰਨੇ ਘੱਟ ਗਏ ਨੇ। ਇਸ ਤਰ੍ਹਾਂ ਜਗਤ ਦੀ ਰਚਨਾ ਇਹ ਸਭ ਝੂਠ ਹੈ। ਇਸ ਨੇ ਬਿਨਸਨਾ ਹੈ ਇਹ ਗੱਲ ਸੱਚੀ ਜਾਣ ਜਿਵੇਂ ਕੋਈ ਰੇਤ ਦੀ ਕੰਧ ਬਣਾ ਕੇ ਉੱਪਰ ਲਿਪ-ਪੋਚ ਕੇ ਕਹੇ ਇਹ ਪੱਕੀ ਹੈ ਪਰ ਉਸ ਨੇ ਢਹਿ ਹੀ ਜਾਣਾ ਹੈ।

ooo

### *ਨੌਵੇਂ ਪਾਤਸ਼ਾਹ ਜੀ ਦਾ ਪੰਜਾਹਵਾਂ ਸਲੋਕ :*

***ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥***
***ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥***

*(ਅੰਗ ੧੪੨੯)*

ਸ੍ਰੀ ਰਾਮ ਚੰਦਰ ਜੀ ਚਲੇ ਗਏ, ਲੰਕਾ ਪਤੀ ਰਾਵਣ ਚਲਿਆ ਗਿਆ ਜਿਸ ਦਾ ਵੱਡਾ ਪਰਿਵਾਰ ਸੀ। ਇੱਥੇ ਟਿਕਣ ਵਾਲਾ ਕੁਝ ਵੀ ਨਹੀਂ ਹੈ। ਸੰਸਾਰ ਸੁਪਨੇ ਦੀ ਨਿਆਈ ਹੈ।

ਰਾਵਣ ਨੂੰ ਮਾਣ ਸੀ ਕਿ ਮੇਰਾ ਪੁੱਤਰ ਮੇਘਨਾਥ ਰਾਜਾ ਇੰਦਰ ਨੂੰ ਜਿੱਤ ਲੈਣ ਵਾਲਾ ਬੜਾ ਬਲਵਾਨ ਯੋਧਾ ਹੈ। ਮੇਰਾ ਭਰਾ ਕੁੰਭਕਰਨ ਬੜਾ ਸੂਰਮਾ ਹੈ। ਮੇਰੀ ਸੈਨਾ ਬੜੀ ਬਲਵਾਨ ਹੈ। ਮੈਂ ਚੰਦ, ਸੂਰਜ, ਅੱਗ, ਪਾਣੀ ਤੇ ਹਵਾ ਨੂੰ ਆਪਣੇ ਸੇਵਾਦਾਰਾਂ ਵਾਗੂੰ ਘਰ ਵਿੱਚ ਕੰਮ ਕਰਨ ਨੂੰ ਰੱਖਿਆ ਹੋਇਆ ਹੈ।

***ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥***
***ਬੈਸੰਤਰੁ ਜਾ ਕੇ ਕਪਰੇ ਧੋਈ ॥੩॥***

*(ਅੰਗ ੪੮੧)*

ਇਤਨਾ ਹੰਕਾਰ ਸੀ ਰਾਵਣ ਨੂੰ ਆਪਣੀ ਸੈਨਾ, ਮਨੁੱਖਾਂ ਤੇ ਆਪਣੇ ਬਹੁ ਬਲ ਉੱਤੇ ਪਰ ਅੰਤ ਨੂੰ ਹੋਇਆ ਕੀ, ਜੋ ਸੋਨੇ ਦੀ ਲੰਕਾ ਦਾ ਮਾਣ ਕਰਦਾ ਸੀ। ਉਹ ਛਿੰਨ ਵਿੱਚ ਦੂਜਿਆਂ ਦੀ ਹੋ ਗਈ।

***ਸਰਬ ਸੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥***
***ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥***

*(ਅੰਗ ੬੯੩)*

ਜਿਸ ਰਾਵਣ ਦੇ ਇੱਕ ਲੱਖ ਪੁੱਤਰ ਤੇ ਸਵਾ ਲੱਖ ਪੋਤਰੇ ਦੱਸੇ ਜਾਂਦੇ ਹਨ, ਉਸ ਦੇ ਮਹਿਲਾਂ ਵਿੱਚ ਕਿਤੇ ਵੀ ਦੀਵਾ-ਵੱਟੀ ਜਗਦਾ ਨਾ ਰਿਹਾ।

***ਇਕੁ ਲਖੁ ਪੂਤ ਸਵਾ ਲਖੁ ਨਾਤੀ ॥***
***ਤਿਹ ਰਾਵਨ ਘਰ ਦੀਆ ਨ ਬਾਤੀ ॥੨॥***

*(ਅੰਗ ੪੮੧)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ ਜਿਸ ਸ੍ਰੀ ਰਾਮ ਚੰਦਰ ਜੀ ਨੇ ਅਯੁੱਧਿਆ ਪੁਰੀ ਵਿੱਚ ਰਹਿ ਕੇ ਧਰਮ ਦਾ ਰਾਜ ਕੀਤਾ ਅਜਿਹੇ ਪਰਤਾਪੀ ਰਾਜੇ ਵੀ ਸਰੀਰ ਨੂੰ ਪਾ ਕੇ ਚਲੇ ਗਏ। ਜਿਸ ਰਾਵਣ ਦਾ ਹੁਕਮ ਦੇਵਤੇ ਮੰਨਦੇ ਸਨ ਉਹ ਵੀ ਸੰਸਾਰ ਤੋਂ ਚਲੇ ਗਏ। ਇਸ ਸੰਸਾਰ ਵਿੱਚ ਕੋਈ ਵੀ ਵਸਤੂ ਸਦਾ ਰਹਿਣ ਵਾਲੀ ਨਹੀਂ ਹੈ।

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਹਰ ਥਾਂ ਸਹਾਈ ਹੋਣ ਵਾਲੇ ਗੁਰੂ ਪਿਤਾ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*—ਭਾਈ ਅੰਮ੍ਰਿਤਪਾਲ ਸਿੰਘ*

ਸੰਤ ਸੁਜਾਨ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਕੀਰਤਨ ਦੀ ਹਾਜ਼ਰੀ ਲਗਾ ਰਹੇ ਹਨ। ਸੰਗਤ ਬਿਰਾਜਮਾਨ ਹੈ। ਸੰਗਤ ਵਿੱਚ ਬਾਬਾ ਨੰਦ ਸਿੰਘ ਜੀ ਵੀ ਬੈਠੇ ਹਨ ਤੇ ਸੰਤ ਸੁਜਾਨ ਸਿੰਘ ਜੀ ਨੇ ਕੀਰਤਨ ਕਰਦਿਆਂ ਸਾਖੀ ਲਗਾਈ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ। ਦੀਵਾਨ ਦੀ ਸਮਾਪਤੀ ਹੋਈ। ਅਗਲੇ ਦਿਨ ਫਿਰ ਦੀਵਾਨ ਸਜਿਆ ਤੇ ਸੰਤ ਸੁਜਾਨ ਸਿੰਘ ਜੀ ਕੀਰਤਨ ਕਰਨ ਲਈ ਬੈਠੇ ਤੇ ਬਾਬਾ ਨੰਦ ਸਿੰਘ ਜੀ ਨੇ ਪਿਆਰ ਵਿੱਚ ਕਿਹਾ, "ਅੱਜ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ।" ਸੰਤ ਸੁਜਾਨ ਸਿੰਘ ਜੀ ਨੇ ਫਿਰ ਪਿਆਰ ਵਿੱਚ ਸਾਖੀ ਸਰਵਣ ਕਰਵਾਈ। ਅਗਲੇ ਦਿਨ ਬਾਬਾ ਨੰਦ ਸਿੰਘ ਜੀ ਨੇ ਫਿਰ ਕੀਰਤਨ ਕਰਨ ਵੇਲੇ ਸੰਤ ਸੁਜਾਨ ਸਿੰਘ ਜੀ ਨੂੰ ਕਹਿ ਦਿੱਤਾ, ਅੱਜ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ। ਅੱਜ ਤੀਜਾ ਦਿਨ ਹੋ ਗਿਆ। ਫਿਰ ਸਾਖੀ ਲਗਾਈ। ਅਗਲੇ ਦਿਨ ਬਾਬਾ ਜੀ ਕੀਰਤਨ ਸਰਵਣ ਕਰਨ ਲੱਗੇ ਤੇ ਫਿਰ ਮੌਜ ਵਿੱਚ ਕਿਹਾ ਸੰਤ ਸੁਜਾਨ ਸਿੰਘ ਜੀ ਨੂੰ, ਅੱਜ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ। ਸਾਖੀ ਦੀ ਹਾਜ਼ਰੀ ਲਗਾਈ। ਦੀਵਾਨ ਦੀ ਸਮਾਪਤੀ ਹੋਈ ਤੇ ਸੰਤ ਸੁਜਾਨ ਸਿੰਘ ਜੀ ਨੇ ਬੇਨਤੀ ਕੀਤੀ, "ਬਾਬਾ ਜੀ! ਤੁਸੀਂ ਚਾਰ ਦਿਨ ਤੋਂ ਲਗਾਤਾਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਵਾਸਤੇ ਕਹਿ ਰਹੇ ਹੋ।" ਬਾਬਾ ਨੰਦ ਸਿੰਘ ਜੀ ਵੈਰਾਗ ਵਿੱਚ ਆ ਗਏ, ਕਹਿਣ ਲੱਗੇ, ਸੁਜਾਨ ਸਿਆਂ, ਮੈਂ ਲੱਭਦਾ ਪਿਆਂ ਹਾਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਅਰਦਾਸ ਵਿੱਚ ਐਸੀ ਕਿਹੜੀ ਜੁਗਤੀ ਵਰਤੀ ਸੀ ਕਿ 26 ਸਾਲ ਤੋਂ ਭੋਰੇ ਵਿੱਚ ਬੈਠੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੂੰ ਵੀ ਭੋਰੇ ਵਿੱਚੋਂ ਬਾਹਰ ਆਉਣਾ ਪਿਆ।

ਅਰਦਾਸ ਇੱਕ ਸ਼ਕਤੀ ਹੈ ਤੇ ਅਰਦਾਸ ਕਿਵੇਂ ਕਰਨੀ ਹੈ ਤੇ ਅਰਦਾਸ ਸੁਣ ਕੇ ਗੁਰੂ ਸਾਹਿਬ ਕਿਵੇਂ ਬਹੁੜੀ ਕਰਦੇ ਹਨ, ਇਹ ਸਿੱਖਣਾ ਹੈ ਤੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਪਿਆਰੇ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਤੋਂ ਸਿੱਖੀਏ। ਇਤਿਹਾਸ ਵਿੱਚ ਲਿਖਿਆ ਹੈ ਕਿ ਕਾਫੀ ਸਮਾਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਜਹਾਜ਼ ਸਮੁੰਦਰ ਦੀ ਦਲਦਲ ਵਿੱਚ ਧਸਿਆ ਰਿਹਾ। ਉਹ ਜਿਵੇਂ ਬਾਹਰ ਕੱਢਣ ਦੀ ਕੋਸ਼ਿਸ਼ ਕਰਨ ਤੇ ਉਹ ਹੋਰ ਧੱਸ ਜਾਵੇ। ਜਦੋਂ ਸਾਰੇ ਪਾਸੇ ਤੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਬੇਵੱਸ ਹੋ ਗਏ ਤੇ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਅਰਦਾਸ ਕੀਤੀ। ਇਸ਼ਨਾਨ ਕਰਕੇ ਸੁੱਚੀ ਵਿਛਾਈ ਕਰਕੇ ਸ੍ਰੀ ਜਪੁ ਜੀ ਸਾਹਿਬ ਜੀ ਦੇ ਪਾਠ ਦੀ ਹਾਜ਼ਰੀ ਲਗਾਈ ਤੇ ਫਿਰ ਗਲ ਵਿੱਚ ਪੱਲਾ ਪਾ ਕੇ ਅੰਦਰੋਂ ਜੁੜ ਕੇ ਅਰਦਾਸ ਕੀਤੀ, ਨੌਵੀਂ ਜੋਤ ਦੇ ਚਰਨਾਂ ਵਿੱਚ, ਮੇਰੇ ਡੁੱਬਦੇ ਹੋਏ, ਡਿੱਗਦੇ ਹੋਏ ਬੇੜੇ ਨੂੰ ਕਿਨਾਰੇ ਤੇ ਲਗਾ ਦਿਓ। ਅਰਦਾਸ ਇੰਨੇ ਭਿੱਜੇ ਮਨ ਨਾਲ ਕੀਤੀ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਆਪ ਮੋਢਾ ਦੇ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਡੁੱਬਦੇ ਹੋਏ ਬੇੜੇ ਨੂੰ ਬੰਨੇ ਲਗਾਇਆ। ਗੁਰੂ

ਸਾਹਿਬ ਕਿਵੇਂ ਸਿੱਖ ਦੀ ਰੱਖਿਆ ਕਰਦੇ ਹਨ?

***ਆਸਾ ਮਹਲਾ ੫ ॥***
***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥***
*(ਅੰਗ ੪੦੩)*

ਸਿੱਖ ਗ੍ਰਿਹਸਥ ਵਿੱਚ ਵਿਚਰਦਿਆਂ ਸਾਂਈਂ ਨੂੰ ਸਦਾ ਯਾਦ ਰੱਖੇ, ਗੁਰੂ ਸਾਹਿਬ ਫਿਰ ਕਿੰਨੀ ਮਿਹਰ ਕਰਦੇ ਹਨ। ਜੁਗਤੀ ਹੋਵੇ, ਅਰਦਾਸ ਕਰਨ ਦੀ ਤੇ ਫਿਰ ਗੁਰੂ ਸਾਹਿਬ ਆਪਣੇ ਸਿੱਖ ਦੀ ਅਰਦਾਸ ਸੁਣ ਕੇ ਬਹੁੜੀ ਕਰਦੇ ਹਨ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਹਨ, ਸਿੱਖ ਵਿੱਚ ਤਿੰਨ ਗੁਣ ਹੋਣ ਫਿਰ ਕਦੀ ਖਾਲੀ ਨਹੀਂ ਜਾਂਦਾ ਗੁਰੂ ਘਰੋਂ ਬਖਸ਼ਿਸ਼ਾਂ ਲੈ ਕੇ ਝੋਲੀ ਭਰ ਕੇ ਹੀ ਜਾਂਦਾ ਹੈ। ਪਹਿਲਾ ਗੁਣ- **ਸਿੱਖ ਕਾਹਲਾ ਨਾ ਪਵੇ।** ਦੂਜਾ ਗੁਣ- **ਹੰਕਾਰ ਨਾ ਕਰੇ** ਤੇ ਤੀਜਾ ਗੁਣ- **ਦਰ ਨਾ ਛੱਡੇ, ਕਦੀ ਖਾਲੀ ਨਹੀਂ ਜਾਂਦਾ।** ਜਿਵੇਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਬੇੜਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਬੰਨ੍ਹੇ ਲਗਾਇਆ, ਇਵੇਂ ਅਸੀਂ ਵੀ ਜਿੱਥੇ ਜਿੱਥੇ ਸਾਡੀ ਕਮਜ਼ੋਰੀ ਹੈ, ਗੁਰਬਾਣੀ ਦਾ ਨੇਮ ਵਧਾ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰੀਏ, ਹੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਮੇਰਾ ਵੀ ਅੰਮ੍ਰਿਤ ਵੇਲਾ ਨਹੀਂ ਬਣਦਾ, ਮੇਰੇ ਅੰਦਰ ਵੀ ਵਿਕਾਰਾਂ ਤੇ ਤ੍ਰਿਸ਼ਨਾ ਦੀ ਅੱਗ ਖਤਮ ਨਹੀਂ ਹੁੰਦੀ, ਮੈਂ ਵੀ ਕ੍ਰੋਧ ਤੇ ਕੰਟਰੋਲ ਨਹੀਂ ਕਰ ਸਕਦਾ, ਸਾਡਾ ਵੀ ਅੰਦਰ ਦਾ ਬੇੜਾ ਭਟਕਿਆ ਪਿਆ ਹੈ, ਵਿਕਾਰਾਂ ਦੀ ਦਲਦਲ ਵਿੱਚ ਫਸਿਆ ਪਿਆ ਹੈ। ਕਿਰਪਾ ਕਰੋ, ਸੱਚੇ ਪਾਤਸ਼ਾਹ ਜੀ! ਇਸ ਬੇੜੇ ਨੂੰ ਆਪਣਾ ਮੋਢਾ ਲਾ ਕੇ ਬੰਨੇ ਲਾ ਦਿਓ ਭਾਵ ਸਦਾ-ਸਦਾ ਲਈ ਚਰਨਾਂ ਨਾਲ ਜੋੜ ਲਵੋ।

ਸਤਿਗੁਰੂ ਜੀ ਮਿਹਰ ਕਰਨ, ਸਾਡੀ ਵੀ ਅਰਦਾਸ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਦਰ ਤੇ, ਉਨ੍ਹਾਂ ਦੇ ਚਰਨਾਂ ਵਿੱਚ ਥਾਂਏਂ ਪਵੇ ਤੇ ਸਾਡਾ ਜੀਵਨ ਵੀ ਗੁਰੂ ਚਰਨਾਂ ਦੇ ਲੇਖੇ ਲੱਗ ਜਾਵੇ।

---

*ਪੰਨਾ 15 ਦਾ ਬਾਕੀ ਹਿੱਸਾ—*

ਪੜ੍ਹਾਈ ਦਾ ਸਾਧਨ ਬਣੀਏ। ਕਿਸੇ ਦੇ ਪਰਿਵਾਰ ਵਿੱਚ ਰਾਸ਼ਨ ਨਹੀਂ ਹੈ ਤੇ ਆਪਣੇ ਦਸਵੰਧ ਵਿੱਚੋਂ ਰਾਸ਼ਨ ਪਾਈਏ। ਕੋਈ ਵਿਧਵਾ ਬੀਬੀ ਹੈ ਤੇ ਉਸ ਨੂੰ ਆਪਣੀ ਭੈਣ, ਮਾਤਾ ਸਮਝ ਕੇ ਉਸ ਦਾ ਸਹਾਰਾ ਬਣੀਏ। ਇਹ ਸ਼ਤਾਬਦੀ ਥਾਂਏਂ ਪੈ ਜਾਵੇਗੀ, ਜੇ ਕਿਤੇ ਸਾਡੇ ਅੰਦਰ ਗੁਣ ਆ ਗਿਆ।

ਆਓ ਅਰਦਾਸ ਕਰੀਏ, ਸਤਿਗੁਰੂ ਜੀ, ਕਿਰਪਾ ਕਰੋ, ਆਪ ਜੀ ਦੇ ਪਾਏ ਹੋਏ ਪਾਵਨ ਰਸਤੇ ਤੇ ਕਿਨਕਾ ਮਾਤਰ ਅਸੀਂ ਵੀ ਚੱਲ ਸਕੀਏ। ਦਇਆ ਕਮਾਉਣ ਦਾ ਇਹ ਗੁਣ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਡੇ ਅੰਦਰ ਵੀ ਆਵੇ ਤੇ ਸਤਿਗੁਰੂ ਜੀ ਦੀ ਇਹ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਅਸੀਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਦਇਆ ਕਮਾ ਕੇ ਪਿਤਾ ਜੀ ਦੀਆਂ ਖੁਸ਼ੀਆਂ ਲਈਏ।

ooo

---

**ਪ੍ਰ: ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪਟਨਾ ਸਾਹਿਬ ਵਿਖੇ ਇੱਕ ਯੋਗੀ ਨੇ ਬੇਨਤੀ ਕੀਤੀ ਮਹਾਰਾਜ ਜੀ ਕੋਈ ਉਪਦੇਸ਼ ਦਿਓ।**

ਉ: ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ ਯੋਗੀ ਜੀ ਨਫ਼ਰਤ ਤਿਆਗ ਦਿਓ, ਜਿਸ ਬੰਦੇ ਨਾਲ ਨਫ਼ਰਤ ਕਰਦੇ ਹੋ ਮਨ ਵਿੱਚ ਓਸ ਵੇਲੇ ਇਸ ਤਰ੍ਹਾਂ ਜਾਣੋ ਕਿ ਜਿਵੇਂ ਰੱਬ ਨਾਲ ਨਫ਼ਰਤ ਕਰ ਰਿਹਾ ਹਾਂ।

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

# ਭਗਤੀ ਦੀ ਮੂਰਤਿ

*—ਭਾਈ ਤੇਜਪਾਲ ਸਿੰਘ*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀਆਂ ਅਨੰਤ ਸਿਫਤਾਂ ਹਨ, ਅਨੰਤ ਵਡਿਆਈਆਂ ਹਨ ਅਤੇ ਅਜਿਹੇ ਪਿਤਾ ਜੀ ਦੀਆਂ ਵਡਿਆਈਆਂ ਕਰੀਏ ਵੀ ਕਿਉਂ ਨਾ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਵਰਗਾ ਰਹਿਬਰ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਸਾਹਿਬ ਮਹਾਰਾਜ ਵਰਗਾ ਪਿਤਾ ਨਾ ਹੋਇਆ ਹੈ, ਨਾ ਹੋਵੇਗਾ। ਸਾਡੇ ਧੰਨ ਭਾਗ ਐਸੇ ਮਹਾਨ ਪਿਤਾ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਮਨਾਉਣ ਦਾ ਸੁਭਾਗ ਸਮਾਂ ਪ੍ਰਾਪਤ ਹੋ ਰਿਹਾ ਹੈ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਜੀਵਨ ਪਹਿਲੂ ਤੇ ਨਜ਼ਰਸਾਨੀ ਕਰਦਿਆਂ ਇੱਕ ਗੁਣ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਪਿਤਾ ਜੀ ਦਾ ਨੇਮ ਕਿੰਨਾ ਸੀ ਤੇ ਕਿਵੇਂ ਨੇਮ ਕਰਦੇ ਸਨ? ਪਿੰਡ ਬਾਬਾ ਬਕਾਲਾ ਜੀ ਦਾ ਭੋਰਾ ਸਾਹਿਬ ਪਿਤਾ ਜੀ ਦੇ ਨੇਮ ਦੀ ਅੱਜ ਵੀ ਗਵਾਹੀ ਭਰਦਾ ਹੈ। ਪਿਤਾ ਜੀ ਭੋਰਿਆਂ ਵਿੱਚ ਇਕਾਗਰਤਾ ਬੰਦਗੀ ਦੇ ਆਸ਼ਕ ਸਨ। 26 ਸਾਲ, 9 ਮਹੀਨੇ, 13 ਦਿਨ ਬਾਬਾ ਬਕਾਲੇ ਵਿਖੇ ਪਿਤਾ ਜੀ ਭੋਰਾ ਸਾਹਿਬ ਵਿੱਚ ਰਹੇ ਤੇ ਧੰਨ ਧੰਨ ਮਾਤਾ ਗੁਜਰ ਕੌਰ ਜੀ ਨੇ ਭੋਰਾ ਸਾਹਿਬ ਦੇ ਬਾਹਰ ਬੰਦਗੀ ਕਰਦਿਆਂ ਨਿਮਰਤਾ ਵਿੱਚ ਸਾਰੀਆਂ ਸੇਵਾਵਾਂ ਨਿਭਾਈਆਂ। ਨਿਮਾਣੇ ਸੇਵਕ ਵਜੋਂ ਪਹਿਰਾ ਦਿੱਤਾ। ਇੱਥੋਂ ਸਾਨੂੰ ਕੀ ਸੇਧ ਮਿਲਦੀ ਹੈ ਕਿ ਅਸੀਂ ਵੀ ਬੱਝਵੀਂ ਭਗਤੀ ਕਰੀਏ। ਇੱਕ ਹੁੰਦੀ ਹੈ, ਖਿੰਡੀ-ਪੁੰਡੀ ਭਗਤੀ। ਕਦੀ ਕਿਤੇ ਬੈਠ ਕੇ ਬਾਨੀ ਪੜ੍ਹ ਲਈ, ਕਦੀ ਕਿਤੇ, ਉਹ ਵੀ ਮੁਬਾਰਕ ਪਰ ਇੱਕ ਹੈ ਬੱਝਵੀਂ ਭਗਤੀ। ਕੁਝ ਸਮਾਂ ਸਾਰਾ ਕੁਝ ਸੰਕੋਚ ਕੇ ਭਗਤੀ ਕਰਨੀ, ਇਹ ਬਹੁਤ ਵੱਡਾ ਗੁਣ ਹੈ। ਇਸ ਗੁਣ ਨੂੰ ਆਪਣੇ ਅੰਦਰ ਧਾਰਨ ਕਰਨ ਦੀ ਬਹੁਤ ਲੋੜ ਹੈ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਇਸ ਗੁਣ ਤੇ ਵਿਚਾਰ ਕਰ ਰਹੇ ਹਾਂ ਕਿ ਪਿਤਾ ਜੀ ਬੰਦਗੀ ਦੇ ਆਸ਼ਕ ਸਨ ਤੇ ਇਸ ਗੁਣ ਨਾਲ ਇਤਿਹਾਸ ਵਿੱਚ ਉਨ੍ਹਾਂ ਦਾ ਇੱਕ ਹੋਰ ਪਹਿਲੂ ਵੀ ਸਾਹਮਣੇ ਆਉਂਦਾ ਹੈ ਕਿ ਬੰਦਗੀ ਦੇ ਰਸ ਵਿੱਚ ਇੰਨੇ ਰਸੇ ਹੋਏ ਸਨ ਕਿ ਬਹੁਤ ਘੱਟ ਬੋਲਦੇ ਸਨ। ਜ਼ਿਆਦਾ ਬੰਦਗੀ ਵਾਲੇ ਦੇ ਜੀਵਨ ਵਿੱਚ ਇਹ ਸਟੇਜ ਆ ਜਾਂਦੀ ਹੈ ਕਿ ਫਿਰ ਦੂਜੇ ਰਸ ਫਿੱਕੇ ਪੈ ਜਾਂਦੇ ਹਨ। ਹਰ ਸਮੇਂ ਉਸ ਪਿਆਰੇ ਦੇ ਪਿਆਰ ਵਿੱਚ, ਉਸ ਦੇ ਰੰਗ ਵਿੱਚ ਰੰਗੇ ਰਹਿਣਾ। ਪਿਤਾ ਜੀ ਦੀ ਬਾਣੀ ਪੜ੍ਹੀਏ ਤੇ ਹਰ ਪੰਕਤੀ ਵਿੱਚ ਇਹੀ ਅਵਾਜ਼ ਆਉਂਦੀ ਹੈ, ਨਾਮ ਦੇ ਰਸ ਵਿੱਚ, ਨਾਮ ਦੇ ਰੰਗ ਵਿੱਚ ਰੰਗੇ ਰਹੋ।

***ਸਲੋਕ ਮਹਲਾ ੯ ॥***
***ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥***
***ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥***
***(ਅੰਗ ੧੪੨੬)***

ਬਾਕੀ ਸਭ ਕੁਝ ਮਿਥਿਆ ਹੈ, ਬਿਨਸ ਜਾਣਾ ਹੈ। ਨਾਮ ਦੀ ਉਪਮਾ ਵਿੱਚ, ਨਾਮ ਦੀ ਵਡਿਆਈ

*—ਬਾਕੀ ਹਿੱਸਾ ਪੰਨਾ 29 'ਤੇ ਪੜ੍ਹੋ ਜੀ*

## ਨੌਵੇਂ ਪਾਤਸ਼ਾਹ ਜੀ ਦੇ ਮੁਖਾਰਬਿੰਦ 'ਚੋਂ ਆਪਣੇ ਗੁਰਸਿੱਖਾਂ ਅਤੇ ਸੰਗਤਾਂ ਲਈ

# ਅਨਮੋਲ ਬਚਨ

*—ਧੰਨਵਾਦ ਸਹਿਤ "ਇਤਿ ਜਿਨਿ ਕਰੀ" ਪੁਸਤਕ 'ਚੋਂ, ਪ੍ਰਿੰ: ਸਤਿਬੀਰ ਸਿੰਘ ਜੀ*

ਕਿਰਤ ਕਰਨੀ,
ਘਰ ਗ੍ਰਿਹਿਸਤ ਚਲਾਏ
ਰੱਖਣਾ, ਨਾਮ ਜਪਣਾ
ਅਤੇ ਵੰਡ ਛਕਣਾ ਹੀ
ਮਾਲਕ ਨੂੰ ਖ਼ੁਸ਼ ਕਰਨ
ਦਾ ਰਾਹ ਹੈ ।

ਨਫਰਤ
ਉਸ ਦਾ ਕੁਝ ਨਹੀਂ
ਵਿਗਾੜਦੀ ਜਿਸ ਨਾਲ
ਕੀਤੀ ਜਾ ਰਹੀ ਹੈ
ਸਗੋਂ ਆਪਣਾ ਹੀ
ਅੰਦਰਲਾ ਸਾੜਦੀ ਹੈ ।
ਸਾੜਾ ਸ਼ੈਤਾਨੀ ਕਰਮ
ਹੈ ਅਤੇ ਖਿਮਾਂ
ਖ਼ੁਦਾਈ ।

ਮੁੱਖ ਧਰਮ
ਖਿਮਾ ਹੀ ਹੈ ਤੇ
ਖਿਮਾ ਹੀ ਵੱਡਾ ਤਪ ਹੈ ।
ਖਿਮਾ ਕਰਨਾ ਹੀ ਵੱਡਾ
ਦਾਨ ਹੈ ।
ਖਿਮਾਂ ਹੀ ਸਭ ਤੀਰਥਾਂ
ਦਾ ਇਸ਼ਨਾਨ ਹੈ ।
ਖਿਮਾਂ ਨਾਲ ਹੀ ਮੁਕਤੀ
ਦੀ ਪ੍ਰਾਪਤੀ ਹੈ ਅਤੇ
ਖਿਮਾ ਕਰਨ ਬਰਾਬਰ ਹੋਰ
ਕੋਈ ਗੁਣ ਨਹੀਂ ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਆਕਾਸ਼, ਪਾਤਾਲ ਅਤੇ ਜਲ ਵਿੱਚ ਹਰ ਜਗ੍ਹਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਿਵੇਂ ਸਹਾਈ ਹਨ?

(ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ)

*—ਬੀਬੀ ਹਰਵੀਨ ਕੌਰ*
*(ਗਰੀਨ ਐਵੀਨਿਊ)*

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਪਿਆਰ ਵਿੱਚ ਸਾਰੀ ਸੰਗਤ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਜੋ ਬੋਲ ਰਹੇ ਹੋ, ਇਹ ਕੋਈ ਤੁਹਾਡੇ ਮੇਰੇ ਵਰਗਿਆਂ ਦੀ ਰਸਨਾ ਵਿੱਚੋਂ ਨਹੀਂ। ਇਨ੍ਹਾਂ ਬੋਲਾਂ ਦਾ ਇੱਕ ਅੱਖਰ ਵੀ ਕੱਟ ਨਹੀਂ ਹੋ ਸਕਦਾ। ਕਿੰਨੇ ਵੱਡੇ, ਕਿੰਨੇ ਭਾਰੇ ਤੇ ਕਿੰਨੇ ਮਹਿੰਗੇ ਬੋਲ। ਜੇ ਕਿਧਰੇ ਤੁਸੀਂ ਜਹਾਜ਼ ਵਿੱਚ ਬੈਠੇ ਹੋ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੂੰ ਯਾਦ ਕਰੋਗੇ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਉੱਥੇ ਵੀ ਪਹੁੰਚ ਜਾਣਗੇ। ਜੇ ਜਲ ਵਿੱਚ ਯਾਦ ਕਰੋਗੇ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਉੱਥੇ ਵੀ ਪਹੁੰਚ ਜਾਣਗੇ। ਜੇ ਧਰਤੀ ਤੇ ਆਕਾਸ਼ ਵਿੱਚ, ਕਿਤੇ ਵੀ ਯਾਦ ਕਰੋਗੇ ਗਰੀਬ ਨਿਵਾਜ ਕਹਿੰਦੇ, ਉੱਥੇ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਪਹੁੰਚ ਜਾਣਗੇ। ਇਸ ਲੋਕ ਵਿੱਚ ਯਾਦ ਕਰੋਗੇ, ਉੱਥੇ ਵੀ ਪਹੁੰਚ ਜਾਣਗੇ। ਪਰਲੋਕ ਵਿੱਚ ਯਾਦ ਕਰੋਗੇ, ਉੱਥੇ ਵੀ ਪਹੁੰਚ ਜਾਣਗੇ।

***ਤੇਗ ਬਹਾਦਰ ਸਿਮਰਿਐ***
***ਘਰੁ ਨਉਨਿਧਿ ਆਵੈ ਧਾਇ॥***
***ਸਭ ਥਾਈਂ ਹੋਇ ਸਹਾਇ॥***

***(ਅਰਦਾਸ)***

***ਐਥੈ ਓਥੈ ਰਖਵਾਲਾ॥***
***ਪ੍ਰਭ ਸਤਿਗੁਰ ਦੀਨ ਦਇਆਲਾ॥***

***(ਅੰਗ ੬੨੮)***

ਦਿਲ ਕਰਦਾ ਹੈ ਕੀਰਤਨ ਕਰੀ ਜਾਈਏ। ਨਵੰਬਰ, ਦਸੰਬਰ ਦੇ ਮਹੀਨੇ 'ਚ ਹਨ੍ਹੇਰਾ ਜਲਦੀ ਹੋ ਜਾਂਦਾ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇੰਨੇ ਮਹਿੰਗੇ ਤੇ ਭਾਰੇ ਬਚਨ, ਅੱਜ ਸ਼ਰਧਾ ਦੇ ਰੂਪ ਵਿੱਚ ਨਾਲ ਲੈ ਜਾਣਾ।

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੂੰ, ਜਿੱਥੇ ਵੀ ਭਾਵਨਾ ਨਾਲ ਯਾਦ ਕਰੋਗੇ, ਉੱਥੇ ਹੀ ਸਹਾਈ ਹੋਣਗੇ। ਕੰਮ ਸਹੀ ਹੋਵੇ। ਮੰਗ ਜਾਇਜ਼ ਹੋਵੇ। ਨਿਤਨੇਮ ਤੇ ਬਾਣੀ ਪੜ੍ਹ ਕੇ, ਸਿਮਰਨ ਕਰਕੇ, ਸੱਚੇ ਹਿਰਦੇ ਨਾਲ ਯਾਦ ਕਰੇ ਤੇ ਸਤਿਗੁਰੂ ਜੀ ਫਿਰ ਬਹੁੜੀ ਕਰਦੇ ਹਨ। ਇਹ ਕਥਾ ਤੇ ਆਪਾਂ ਸੁਣਦੇ ਹੀ ਹਾਂ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਕਿੱਥੇ ਯਾਦ ਕੀਤਾ ਤੇ ਕਿੱਥੇ ਸਤਿਗੁਰੂ ਜੀ ਬੈਠੇ ਤੇ ਕਿੱਥੇ ਬਹੁੜੀ ਕੀਤੀ।

ਛੇਵੇਂ ਪਾਤਸ਼ਾਹ ਜੀ ਦੀ 1635 ਈਸਵੀ ਵਿੱਚ

ਜਿਹੜੀ ਜੰਗ ਹੋਈ, ਮੁਗਲਾਂ ਨਾਲ, ਉਸ ਜੰਗ ਵਿੱਚ ਇੱਕ ਭਾਈ ਮੂੰਗਲੂ ਜਿਸ ਨੂੰ ਜੰਗ ਦੌਰਾਨ ਸੱਟਾਂ ਲੱਗੀਆਂ ਹਨ ਤੇ ਚਿਹਰੇ ਤੋਂ ਸੁੱਚਾ ਲਹੂ ਵਗ ਰਿਹਾ ਹੈ। ਗੁਰੂ ਸਾਹਿਬ ਨੂੰ ਪਿਆਰ ਆ ਜਾਂਦਾ ਹੈ। ਕੱਪੜੇ ਭੇਟ ਕਰਨ ਵਾਲਾ ਵੀ, ਗੁਰੂ ਸਾਹਿਬ ਕਹਿੰਦੇ ਹਨ, ਮੇਰਾ ਸਿੱਖ ਧੰਨ ਹੈ। ਧਨ ਦਾਨ ਕਰਨ ਵਾਲਾ ਵੀ, ਗੁਰੂ ਸਾਹਿਬ ਕਹਿੰਦੇ, ਮੇਰਾ ਸਿੱਖ ਧੰਨ ਹੈ, ਫਲ ਫਰੂਟ ਤੇ ਬਸਤਰ ਭੇਟ ਕਰਨ ਵਾਲਾ ਵੀ ਧੰਨ ਹੈ। ਹੀਰੇ, ਸੋਨੇ, ਚਾਂਦੀ ਭੇਟ ਕਰਨ ਵਾਲਾ ਵੀ ਧੰਨ ਹੈ ਪਰ ਗੁਰੂ ਸਾਹਿਬ ਕਹਿੰਦੇ, ਉਸ ਨੂੰ ਮੈਂ ਧੰਨ ਕਿੰਨਾ ਕੁ ਕਹਾਂ ਜਿਸ ਨੇ ਸੀਸ ਭੇਟ ਕਰ ਦਿੱਤਾ। ਭਾਈ ਮੂੰਗਲੂ ਜ਼ਖਮੀ ਤੇ ਛੇਵੇਂ ਪਾਤਸ਼ਾਹ ਜੀ ਪਿਆਰ ਵਿੱਚ ਆ ਗਏ ਤੇ ਪਿਆਰ ਵਿੱਚ ਆ ਕੇ ਭਾਈ ਮੂੰਗਲੂ ਦਾ ਸਿਰ ਆਪਣੀ ਗੋਦੀ ਵਿੱਚ ਲੈ ਲਿਆ। ਤੇ ਪੁੱਛਿਆ, ਮੰਗ, ਕੀ ਮੰਗਦਾ ਹੈਂ ? ਤੂੰ ਮੇਰੇ ਪਿੱਛੇ ਆਪਣਾ ਸਿਰ ਦਿੱਤਾ। ਇੰਨਾ ਜ਼ਖਮੀ ਤੇ ਪਿਆਰ ਵਿੱਚ ਭਾਈ ਮੂੰਗਲੂ ਕਹਿਣ ਲੱਗੇ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਚਿਹਰੇ ਤੇ ਫੱਟ ਵੀ ਲੱਗੇ ਹਨ, ਸਰੀਰ ਤੇ ਫੱਟ ਵੀ ਲੱਗੇ ਹਨ, ਲਹੂ ਵੀ ਵਗਦਾ ਪਿਆ ਹੈ ਤੇ ਆਪ ਜੀ ਦੀ ਗੋਦੀ ਵਿੱਚ ਆਪਣਾ ਸਿਰ ਵੇਖ ਕੇ ਮੈਨੂੰ ਸਾਰੇ ਦਰਦ ਭੁੱਲ ਗਏ ਹਨ। ਜਿਹੜਾ ਤੁਸੀਂ ਕਹਿੰਦੇ ਹੋ, ਕੁਝ ਮੰਗ ਤੇ ਭਾਈ ਮੂੰਗਲੂ ਜੀ ਕਹਿਣ ਲੱਗੇ, ਪਾਤਸ਼ਾਹ ਜੀ ! ਜਦੋਂ ਮੇਰੀ ਜਾਨ ਤਨ ਵਿੱਚੋਂ ਨਿਕਲੇ ਤੇ ਮੇਰਾ ਸਿਰ ਆਪ ਜੀ ਦੀ ਗੋਦੀ ਵਿੱਚ ਹੋਵੇ। ਜਦੋਂ ਇੰਨੀ ਗੱਲ ਕਹੀ ਕਿ ਮੇਰਾ ਸਿਰ ਤੁਹਾਡੀ ਗੋਦੀ ਵਿੱਚ ਹੋਵੇ ਤੇ ਛੇਵੇਂ ਪਾਤਸ਼ਾਹ ਜੀ ਕਹਿੰਦੇ, ਭਾਈ ਮੂੰਗਲੂ, ਇਹ ਕੀ ਮੰਗ ਲਿਆ ਈ? ਸਤਿਗੁਰੂ ਜੀ ਤੁਹਾਡੇ ਲਈ ਕਿਹੜਾ ਔਖਾ ਹੈ? ਇਹ ਕਿਰਪਾ ਕਰਕੇ ਦੇ ਦਿਓ :

***ਜਬ ਜਾਨ ਤਨ ਸੇ ਨਿਕਲੇ ਸਿਰ ਤੁਮਾਰੀ ਗੋਦ ਮੇਂ ਹੋ ।***

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿੰਦੇ, ਭਾਈ ਮੂੰਗਲੂ, ਇਹ ਜਿਹੜੀ ਦਾਤ ਮੰਗੀ ਹੈ, ਇਹ ਮੈਂ ਕਿਵੇਂ ਦੇ ਦੇਵਾਂ। ਕਿਉਂਕਿ ਧਰਤੀ ਤੋਂ ਪਹਿਲਾਂ ਅਸੀਂ ਜਾਣਾ ਹੈ, ਫਿਰ ਤੂੰ ਜਾਣਾ ਹੈ। ਇਹ ਕਿਵੇਂ ਦੇਵਾਂ। ਸਿੱਖ ਸੀ ਪਿਆਰ ਵਾਲਾ, ਪ੍ਰੇਮ ਵਾਲਾ। ਜਦੋਂ ਆਖਿਆ ਇਹ ਦਾਤ ਕਿਵੇਂ ਦਿਆਂ ਤੇ ਪਿਆਰ ਵਾਲਾ ਸਿੱਖ ਕਹਿੰਦਾ ਹੈ, ਸਤਿਗੁਰੂ ਜੀ ! ਤੁਹਾਡੀ ਗਤ ਤੁਸੀਂ ਜਾਣੋ। ਇੱਕ ਕਿਰਪਾ ਕਰੋ, ਜਿੱਥੇ ਤੁਹਾਡੀ ਜੋਤ ਹੋਵੇਗੀ, ਫਿਰ ਉਹ ਕਿਰਪਾ ਕਰ ਦਿਓ। ਅਖੀਰਲੇ ਵੇਲੇ ਸਿਰ ਉਸ ਪਾਵਨ ਜੋਤ ਦੀ ਗੋਦ ਵਿੱਚ ਹੋਵੇ। ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਹਿੰਦੇ, ਤੇਰੀ ਮੰਗ ਤੇ ਬੜੀ ਔਖੀ ਹੈ, ਪਹਿਲਾਂ ਸਰੀਰ ਕਰਕੇ ਅਸੀਂ ਜਾਣਾ ਹੈ, ਫਿਰ ਤੂੰ ਜਾਣਾ ਹੈ ਪਰ ਸਤਿਗੁਰੂ ਜੀ ਕਹਿੰਦੇ, ਚੰਗਾ ਭਾਈ ਮੂੰਗਲੂ, ਤੇਰੇ ਨਾਲ ਬਚਨ ਕਰਦੇ ਹਾਂ, ਪਰ ਇੱਕ ਕੰਮ ਕਰੀਂ, ਆਪਣੇ ਘਰ ਦੇ ਬੂਹੇ ਉਸ ਰਾਤ ਖੁੱਲ੍ਹੇ ਰੱਖ ਦੇਈਂ। ਅਸੀਂ ਆਵਾਂਗੇ। ਪ੍ਰਕਰਨ ਚੱਲ ਰਿਹਾ ਹੈ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਹਰ ਥਾਂ ਸਹਾਈ ਕਿਵੇਂ?

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ ॥***
***ਸਭ ਥਾਂਈ ਹੋਇ ਸਹਾਇ ॥***

***(ਅਰਦਾਸ)***

ਨਿਰੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਗੱਲ ਨਹੀਂ। ਛੇਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਜੋਤ ਗਈ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ 'ਚ। ਫਿਰ ਉਹ ਜੋਤ ਗਈ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 'ਚ। ਫਿਰ ਉਹ ਜੋਤ ਗਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ 'ਚ। ਮਾਲਵੇ ਵਿੱਚ ਪਿੰਡ ਗੰਢੂਆਂ ਹੈ। ਕਮਾਈ ਸੀ। ਅਖੀਰਲਾ ਵੇਲਾ ਪਤਾ ਲੱਗ ਗਿਆ ਕਿ ਕੱਲ੍ਹ ਸਵੇਰੇ ਪ੍ਰਾਨ ਤਿਆਗ ਦੇਣੇ ਹਨ। ਕਮਾਈ

ਦੀ ਗੱਲ ਹੈ। ਕਈ ਸ਼ੱਕ ਕਰਦੇ ਹਨ ਪਰ ਨਾਮ ਜਪ ਜਪ ਕੇ ਮਨ ਦਾ ਸ਼ੀਸ਼ਾ ਸਾਫ ਹੋ ਜਾਂਦਾ ਹੈ ਤੇ ਫਿਰ ਸਮੇਂ ਦਾ ਪਤਾ ਲੱਗ ਜਾਂਦਾ ਹੈ। ਹੁਣ ਜਦੋਂ ਬਾਬਾ ਬੁੱਢਾ ਸਾਹਿਬ ਜੀ ਨੇ ਸਰੀਰ ਤਿਆਗਣਾ ਸੀ। ਬਾਬਾ ਬੁੱਢਾ ਸਾਹਿਬ ਜੀ ਰਮਦਾਸ ਸੀ ਤੇ ਛੇਵੇਂ ਪਾਤਸ਼ਾਹ ਜੀ ਨੂੰ ਸੁਨੇਹਾ ਭੇਜਿਆ ਸੀ ਕਿ ਕੱਲ੍ਹ ਅਸੀਂ ਸਰੀਰ ਤਿਆਗ ਦੇਣਾ ਹੈ। ਦਰਸ਼ਨ ਦਿਓ। ਕਿਰਪਾ ਕਰੋ।

ਬਾਬਾ ਦੀਪ ਸਿੰਘ ਜੀ ਕਲੋਨੀ ਵਿੱਚ ਜਿੱਥੇ ਦਾਸ ਰਹਿੰਦਾ ਹੈ, ਉੱਥੇ ਇੱਕ ਮਾਤਾ ਜੀ ਵੀ ਰਹਿੰਦੇ ਸਨ। ਬਾਬਾ ਦੀਪ ਸਿੰਘ ਜੀ ਦੇ ਦਰ ਤੇ ਅਤਿ ਦੇ ਆਸ਼ਕ ਤੇ ਸੇਵਾਦਾਰ ਤੇ ਨਗਰ ਕੀਰਤਨ ਲੰਘਦਾ ਪਿਆ ਸੀ, ਸਾਡੀ ਕਲੋਨੀ ਵਿੱਚ। ਨਗਰ ਕੀਰਤਨ ਵੇਖ ਰਹੇ ਸੀ। ਕਿਸੇ ਨੇ ਵੈਸੇ ਪੁੱਛਿਆ, ਸਰੀਰ ਢਿੱਲਾ ਹੈ, ਆਏ ਹੋ ਤੇ ਮੁੱਖ ਵਿੱਚੋਂ ਨਿਕਲ ਗਿਆ, ਅੱਜ ਨਗਰ ਕੀਰਤਨ ਵੇਖ ਰਹੀ ਹਾਂ, ਕੱਲ੍ਹ ਮੈਂ ਦਰਗਾਹ ਨੂੰ ਚਲੇ ਜਾਣਾ ਹੈ। ਅਗਲੇ ਦਿਨ ਉਹ ਮਾਤਾ ਜੀ ਸਰੀਰ ਰੂਪੀ ਚੋਲਾ ਤਿਆਗ ਗਏ। ਇਹ ਨਾਮ ਦੀ ਕਮਾਈ ਵਾਲਿਆਂ ਨੂੰ ਸਮੇਂ ਦਾ ਪਤਾ ਲੱਗ ਜਾਂਦਾ ਹੈ।

ਪਿੰਡ ਗੰਢੂਆਂ ਵਿੱਚ ਇੱਕੋ ਹੀ ਗੁਰੂ ਦੇ ਸਿੱਖ ਦਾ ਘਰ ਤੇ ਉਹ ਵੀ ਉਜਾੜ ਵਿੱਚ। ਘਰਵਾਲੀ ਨੂੰ ਕਹਿਣ ਲੱਗੇ, ਅੱਜ ਘਰ ਦੇ ਬੂਹੇ ਨਹੀਂ ਬੰਦ ਕਰਨੇ। ਉਹ ਕਹਿਣ ਲੱਗੀ, ਕਮਾਲ ਕਰਦੇ ਹੋ। ਕੋਈ ਲੁੱਟ ਕੇ ਲੈ ਜਾਵੇਗਾ। ਉਹ ਕਹਿਣ ਲੱਗਾ, ਕੋਈ ਨਹੀਂ ਲੁੱਟਦਾ। 1635 ਦਾ ਬਚਨ, ਮੇਰੇ ਛੇਵੇਂ ਪਾਤਸ਼ਾਹ ਜੀ ਨਾਲ ਬਚਨ, ਘਰ ਦੇ ਬੂਹੇ ਖੁੱਲ੍ਹੇ ਰੱਖੀਂ। ਤੇਰਾ ਸਿਰ ਮੇਰੀ ਗੋਦੀ ਵਿੱਚ ਹੋਵੇਗਾ। ਮੈਨੂੰ ਉਡੀਕ ਹੈ। ਦਸ ਵਜ ਗਏ, ਗਿਆਰ੍ਹਾਂ ਵਜ ਗਏ, ਬਾਰ੍ਹਾਂ ਵਜ ਗਏ, ਇੱਕ ਵਜ ਗਿਆ, ਰਾਤ ਦੇ ਦੋ ਵਜ ਗਏ। ਘਰਵਾਲੀ ਕਹਿਣ ਲੱਗੀ, ਹੁਣ ਤਾਂ ਬੂਹੇ ਬੰਦ ਕਰ ਲੈਣ ਦਿਓ। ਹੁਣ ਕਿਸ ਨੇ ਆਉਣਾ ਹੈ। ਭਾਈ ਮੂੰਗਲੂ ਜੀ ਕਹਿਣ ਲੱਗੇ, ਭਾਗਾਂ ਵਾਲੀਏ, ਮੇਰੇ ਨਾਲ ਬਚਨ ਹੈ, ਛੇਵੇਂ ਪਾਤਸ਼ਾਹ ਜੀ ਦਾ, ਅਸੀਂ ਜਿਹੜੀ ਵੀ ਜੋਤ ਵਿੱਚ ਹੋਵਾਂਗੇ, ਆਵਾਂਗੇ। ਇਧਰ ਲਿਖਿਆ ਹੈ, ਇਤਿਹਾਸ ਵਿੱਚ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ, ਪਾਤਸ਼ਾਹ ਜੀ ਨੇ ਘੋੜਾ ਮੰਗਵਾਇਆ। ਘੋੜਾ ਆ ਗਿਆ। ਸਿੱਖ ਕਹਿਣ ਲੱਗੇ ਕਿ ਸਤਿਗੁਰੂ ਜੀ, ਕਾਠੀ ਕਿਹੜੀ ਪਾਈਏ? ਸਤਿਗੁਰੂ ਜੀ ਕਹਿਣ ਲੱਗੇ, ਕਾਠੀ ਪਾਉਣ ਦਾ ਟਾਈਮ ਨਹੀਂ। ਸਾਨੂੰ ਕੋਈ ਉਡੀਕ ਰਿਹਾ ਹੈ।

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

ਸਤਿਗੁਰੂ ਜੀ, ਚਾਦਰ ਪਾ ਦੇਈਏ। ਨੌਵੇਂ ਪਾਤਸ਼ਾਹ ਜੀ ਕਹਿਣ ਲੱਗੇ, ਚਾਦਰ ਦਾ ਵੀ ਸਮਾਂ ਨਹੀਂ। ਸਤਿਗੁਰੂ ਜੀ, ਜਿਹੜਾ ਮੇਰੇ ਮੋਢੇ ਤੇ ਹਜ਼ੂਰੀਆ ਪਿਆ ਹੈ, ਇਹ ਹੀ ਪਾ ਦੇਈਏ। ਉਂਝ ਘੋੜੇ ਤੇ ਬੈਠਣਾ ਔਖਾ ਹੈ। ਕਹਿਣ ਲੱਗੇ, ਇਸ ਦੀ ਵੀ ਲੋੜ ਨਹੀਂ। ਸਾਨੂੰ ਸਾਡਾ ਪਿਆਰਾ ਉਡੀਕ ਰਿਹਾ ਹੈ। ਲਿਖਿਆ ਹੈ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ, ਬਿਨਾਂ ਕਾਠੀ ਤੋਂ, ਬਿਨਾਂ ਚਾਦਰ ਤੋਂ ਘੋੜੇ ਨੂੰ ਇੰਨੀ ਤੇਜ਼ੀ ਨਾਲ ਘੋੜਾ ਦੌੜਾਇਆ ਤੇ ਭਾਈ ਮੂੰਗਲੂ ਦੇ ਘਰ ਅਵਾਜ਼ਾ ਦਿੱਤਾ, ਗੁਰੂ ਦੇ ਸਿੱਖਾ, ਅਸੀਂ ਆ ਗਏ ਹਾਂ।

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

ਵੇਖ ਲਓ। ਬਚਨ ਛੇਵੇਂ ਪਾਤਸ਼ਾਹ ਜੀ ਨਾਲ

ਹੋਇਆ, ਉਹ ਘੜੀ, ਉਹ ਸਮਾਂ, ਉਹ ਵਾਰ, ਤੁਸੀਂ ਆਪੇ ਅੰਦਾਜ਼ਾ ਲਗਾ ਲਓ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਘਟ ਘਟ ਵਿੱਚ ਵੱਸੇ ਹਨ। ਗੋਦੀ ਵਿੱਚ ਸੀਸ ਲਿਆ ਤੇ ਭਾਈ ਮੂੰਗਲੂ ਜੀ ਨੇ ਪ੍ਰਾਣ ਛੱਡ ਦਿਤੇ।

***ਕਬੀਰ ਮੁਹਿ ਮਰਨੇ ਕਾ ਚਾਉ ਹੈ***
***ਮਰਉ ਤ ਹਰਿ ਕੈ ਦੁਆਰ ॥***

***(ਅੰਗ ੧੩੬੭)***

ਅਸੀਂ ਕਹਿੰਦੇ ਹਾਂ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਸ਼ਹੀਦ ਹੋ ਗਏ ਪਰ ਭਾਵਨਾ ਇਹ ਰੱਖਣੀ, ਸ਼ਹੀਦੀ ਤੋਂ ਬਾਅਦ ਕਿਤੇ ਗਏ ਨਹੀਂ, ਸ਼ਹੀਦੀ ਤੋਂ ਬਾਅਦ ਵੀ ਆਪਣੇ ਸਿੱਖਾਂ ਦੀਆਂ ਮਨੋਕਾਮਨਾ ਪੂਰੀਆਂ ਕਰ ਰਹੇ ਹਨ। ਜਦੋਂ ਸ਼ਹੀਦੀ ਹੋਈ, ਚਾਂਦਨੀ ਚੌਂਕ। ਭਾਈ ਲੱਖੀ ਸ਼ਾਹ ਵਣਜਾਰਾ ਜੀ। ਕਿੰਨਾ ਪਿਆਰ ਗੁਰੂ ਨਾਲ। ਆਪਣੇ ਘਰ ਵਿੱਚ ਸਤਿਗੁਰੂ ਜੀ ਦਾ, ਸੱਚੇ ਪਾਤਸ਼ਾਹ ਜੀ ਦਾ, ਧੜ ਰੱਖ ਕੇ ਘਰ ਨੂੰ ਅੱਗ ਲਗਾ ਦਿੱਤੀ ਕਿ ਕਿਤੇ ਸਤਿਗੁਰਾਂ ਦੇ ਸਰੀਰ ਦੀ ਬੇਅਦਬੀ ਨਾ ਹੋਵੇ। ਜਿਹੜਾ ਸੀਸ ਭਾਈ ਜੈਤਾ ਜੀ, ਸ੍ਰੀ ਅਨੰਦਪੁਰ ਸਾਹਿਬ ਲਿਆ ਰਹੇ ਹਨ ਤੇ ਧਿਆਨ ਦੇਣਾ, ਜਿੱਥੇ ਪਹਿਲੀ ਰਾਤ ਰੁਕੇ, ਬਾਗਪਟ ਤੇ ਅਗਲੇ ਦਿਨ ਉੱਥੋਂ ਤੁਰੇ ਹਨ। ਸੋਚਦੇ ਹਨ, ਸੀਸ ਜਿਹੜਾ ਹੈ, ਚਾਦਰ ਵਿੱਚ ਲਪੇਟਿਆ ਹੋਇਆ ਹੈ, ਸਤਿਕਾਰ ਨਾਲ, ਅਦਬ ਨਾਲ ਫੜਿਆ ਹੈ। ਦੂਜੀ ਰਾਤ ਸੋਚਦੇ ਹਨ, ਕਿੱਥੇ ਕੱਟਾਂ? ਇੱਕ ਝਾੜੀ ਪਿੱਛੇ ਲੁੱਕ ਗਏ ਤੇ ਜਿੱਥੇ ਝਾੜੀਆਂ ਸੀ, ਉੱਥੇ ਧੋਬੀ ਕੱਪੜੇ ਧੋਂਦੇ ਸੀ। ਇੱਕ ਧੋਬੀ ਜਿਸ ਦਾ ਨਾਂ ਆਇਆ ਹੈ, ਦੇਵਾ ਰਾਮ। ਉਸ ਨੇ ਅਵਾਜ਼ ਦਿੱਤੀ, ਕੌਣ ਹੈਂ ਭਾਈ ਤੇ ਭਾਈ ਜੈਤਾ ਜੀ ਸਮਝਦੇ ਹਨ ਕਿ ਕੋਈ ਸਰਕਾਰ ਦਾ ਬੰਦਾ ਹੈ। ਸੀਸ ਹੱਥ ਵਿੱਚ ਫੜਿਆ ਹੋਇਆ ਸੀ। ਸੀਸ ਗੋਦੀ ਵਿੱਚ ਹੈ। ਜਵਾਬ ਨਹੀਂ ਦਿੱਤਾ। ਦੇਵਾ ਰਾਮ ਧੋਬੀ ਨੇ ਫਿਰ ਅਵਾਜ਼ਾ ਦਿੱਤਾ, ਕੌਣ ਹੈਂ। ਭਾਈ ਜੈਤਾ ਜੀ ਕਹਿੰਦੇ ਮੈਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਅੱਗੋਂ ਧੋਬੀ ਦੇਵਾ ਰਾਮ ਕਹਿੰਦਾ ਮੈਂ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਭਾਈ ਜੈਤਾ ਜੀ ਨੂੰ ਦੂਜੀ ਅਵਾਜ਼ ਵਿੱਚ ਇੰਝ ਲੱਗਿਆ ਕਿ ਜਿਵੇਂ ਕਿਸੇ ਆਪਣੇ ਦੀ ਅਵਾਜ਼ ਹੋਵੇ। ਧੋਬੀ ਦੇਵਾ ਰਾਮ ਕਹਿਣ ਲੱਗਾ, ਫਿਰ ਸਾਹਮਣੇ ਆਓ। ਭਾਈ ਜੈਤਾ ਜੀ ਸਾਹਮਣੇ ਆਏ। ਧੋਬੀ ਦੇਵਾ ਰਾਮ ਨੂੰ ਕਹਿਣ ਲੱਗੇ, ਮੈਂ ਸ੍ਰੀ ਅਨੰਦਪੁਰ ਸਾਹਿਬ ਜਾ ਰਿਹਾ ਹਾਂ ਇੱਥੇ ਰਾਤ ਪੈ ਗਈ ਮੈਂ ਸੋਚਿਆ ਕਿ ਚਲੋ ਰਾਤ ਇੱਥੇ ਕੱਟ ਲੈਂਦਾ ਹਾਂ, ਸਵੇਰ ਹੁੰਦਿਆਂ ਇੱਥੋਂ ਚਾਲੇ ਪਾ ਦੇਵਾਂਗਾ। ਧੋਬੀ ਦੇਵਾ ਰਾਮ ਕਹਿਣ ਲੱਗੇ, ਤੂੰ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹੈਂ ਤੇ ਮੈਂ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ ਤੇ ਅੱਜ ਦੀ ਰਾਤ ਮੇਰੇ ਘਰ ਕੱਟ ਲੈ।

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ ॥***
***ਸਭ ਥਾਂਈ ਹੋਇ ਸਹਾਇ ॥***

***(ਅਰਦਾਸ)***

ਧੋਬੀ ਦੇਵਾ ਰਾਮ ਭਾਈ ਜੈਤਾ ਜੀ ਨੂੰ ਆਪਣੇ ਘਰ ਲੈ ਗਏ। ਧੋਬੀ ਦੇਵਾ ਰਾਮ ਨੇ ਭਾਵਨਾ ਨਾਲ ਇੱਕ ਚਾਦਰ ਰੱਖੀ ਹੋਈ ਸੀ ਕਿ ਜਦੋਂ ਨੌਵੇਂ ਪਾਤਸ਼ਾਹ ਜੀ ਦੇ ਦਰਸ਼ਨ ਹੋਣਗੇ ਤਾਂ ਇਹ ਚਾਦਰ ਭੇਟ ਕਰਾਂਗਾ। ਜਦੋਂ ਧੋਬੀ ਦੇਵਾ ਰਾਮ ਨੇ ਭਾਈ ਜੈਤਾ ਜੀ ਦੇ ਮੁੱਖ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਣ ਦੀ ਗੱਲ ਸੁਣੀ ਤਾਂ ਫਿਰ ਉਹ ਚਾਦਰ ਭਾਈ ਜੈਤਾ ਜੀ ਨੂੰ ਦਿੰਦਿਆਂ ਕਹਿਣ ਲੱਗਾ ਮੇਰੇ ਵੱਲੋਂ ਸਤਿਗੁਰੂ ਜੀ ਨੂੰ ਚਾਦਰ ਭੇਟ ਕਰ ਦੇਈਂ, ਛੇ ਮਹੀਨੇ ਤੋਂ ਅਰਦਾਸਾਂ ਕਰਦਾ ਪਿਆ ਹਾਂ ਕਿ ਕਦੋਂ ਮੇਰੀ ਚਾਦਰ ਦੀ ਹਾਜ਼ਰੀ ਲੱਗੇਗੀ। ਗੁਰੂ ਦੇ ਸਿੱਖਾ, ਭਾਈ ਜੈਤਾ ਜੀ ਹੈਰਾਨ ਹੋ ਗਏ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ

ਸਾਹਿਬ ਜੀ ਮਹਾਰਾਜ ਤੁਸੀਂ ਇੰਨੇ ਸਹਾਈ ਹੋ ਕਿ ਸ਼ਹੀਦੀ ਹੋ ਗਈ ਹੈ, ਸੀਸ ਕਿਤੇ, ਧੜ ਕਿਤੇ ਪਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਸ਼ਹੀਦੀ ਤੋਂ ਬਾਅਦ ਵੀ ਆਪਣੇ ਪਿਆਰ ਵਾਲਿਆਂ ਦੀਆਂ ਅਰਦਾਸਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਪਏ ਹਨ। ਭਾਈ ਜੈਤਾ ਜੀ ਕਹਿੰਦੇ, ਇਹ ਤਾਂ ਪੂਰੇ ਪਿਆਰ ਵਾਲਾ ਸਿੱਖ ਹੈ। ਭਾਈ ਜੈਤਾ ਜੀ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਕਹਿਣ ਲੱਗੇ, ਧੋਬੀ ਦੇਵਾ ਰਾਮ, ਜਿਹੜੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੂੰ ਚਾਦਰ ਭੇਟ ਕਰਨੀ ਚਾਹੁੰਦਾ ਹੈਂ। ਇਸ ਜ਼ਿਕਰ ਬਾਰੇ ਮਹਾਂਪੁਰਸ਼ ਇੱਕ ਧਾਰਨਾ ਪੜ੍ਹਾਉਂਦੇ ਹੁੰਦੇ ਸਨ:

***ਤੂੰ ਤਾਂ ਚਾਦਰ ਓੜਨ ਨੂੰ ਉਡੀਕਦੈ***
***ਗੁਰੂ ਆਇਆ ਘਰ ਚੱਲ ਕੇ।***

ਉਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਚਾਦਰ ਲੈਣ ਲਈ ਤੇਰੇ ਘਰ ਆਪ ਆ ਗਏ ਹਨ। ਧੋਬੀ ਦੇਵਾ ਰਾਮ ਕਹਿਣ ਲੱਗਾ ਕਿ ਮੈਂ ਸਮਝਿਆ ਨਹੀਂ। ਵੇਖ ਲਿਆ ਆਪਣਾਪੰਨ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ, ਸੱਤ ਕੱਪੜਿਆਂ ਦੀਆਂ ਤਹਿਾਂ ਵਿੱਚ ਸੀਸ ਸਤਿਕਾਰ ਨਾਲ ਰੱਖਿਆ ਸੀ। ਪਹਿਲੀ ਚਾਦਰ ਦੀ ਇੱਕ ਤਹਿ ਲਾਹੀ, ਦੂਜੀ ਤਹਿ ਲਾਹੀ। ਲਹੂ ਸੁੱਚਾ ਲੱਗਾ ਹੋਇਆ ਹੈ। ਤੀਜੀ ਤਹਿ ਲਾਹੀ, ਚੌਥੀ ਤਹਿ ਲਾਹੀ। ਫਿਰ ਪੰਜਵੀਂ ਚਾਦਰ। ਫਿਰ ਛੇਵੀਂ ਚਾਦਰ। ਜਦੋਂ ਸੱਤਵੀਂ ਚਾਦਰ ਲਾਹੀ ਤੇ ਲਿਖਿਆ ਹੈ ਕਿ ਧੋਬੀ ਦੇਵਾ ਰਾਮ ਦੀਆਂ ਭੁੱਬਾਂ ਨਿਕਲ ਗਈਆਂ। ਕਹਿਣ ਲੱਗਾ, ਇਹ ਕੀ? ਭਾਈ ਜੈਤਾ ਜੀ ਕਹਿਣ ਲੱਗੇ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਦੀ ਸ਼ਹੀਦੀ ਹੋ ਗਈ ਹੈ। ਫਿਰ ਸਾਰਾ ਹਾਲ ਦੱਸਿਆ। ਲਿਆ ਚਾਦਰ। ਜਿਹੜੀ ਚਾਦਰ ਸਤਿਗੁਰਾਂ ਨੂੰ ਭੇਟ ਕਰਨੀ ਚਾਹੁੰਦਾ ਹੈਂ, ਸਤਿਗੁਰੂ ਜੀ ਸ਼ਹੀਦੀ ਤੋਂ ਬਾਅਦ ਵੀ ਤੁਹਾਡੀ ਭਾਵਨਾ ਪੂਰੀ ਕਰਨ ਲਈ ਤੇਰੇ ਘਰ ਆ ਗਏ ਹਨ।

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

ਜਿਹੜੀ ਸੁੱਚੇ ਲਹੂ ਦੀ ਉਤਲੀ ਚਾਦਰ ਲਾਹੀ ਤੇ ਫਿਰ ਉਸ ਦੀ ਚਾਦਰ ਲਗਾ ਕੇ, ਫਿਰ ਉੱਤੇ ਛੇ ਚਾਦਰਾਂ ਲਗਾਈਆਂ ਤੇ ਸਾਰੀ ਰਾਤ ਗੁਰਬਾਣੀ ਪੜ੍ਹਦਿਆਂ, ਸਿਮਰਨ ਕਰਦਿਆਂ ਬਤੀਤ ਕੀਤੀ, ਸਤਿਗੁਰੂ ਜੀ ਦਾ ਸੀਸ ਝੋਲੀ ਵਿੱਚ ਹੈ। ਭਾਵਨਾ ਬਣਾ ਲਓ ਕਿ ਆਕਾਸ਼ ਵਿੱਚ ਵੀ, ਪਾਤਾਲ ਵਿੱਚ ਵੀ, ਸ਼ਹੀਦੀ ਤੋਂ ਬਾਅਦ ਵੀ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹਰ ਥਾਂ ਸਹਾਈ ਹਨ:

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

***ਸਾਜਨੜਾ ਮੇਰਾ ਸਾਜਨੜਾ॥***
***ਨਿਕਟਿ ਖਲੋਇਅੜਾ ਮੇਰਾ ਸਾਜਨੜਾ॥***

***(ਅੰਗ ੯੨੪)***

ਸਤਿਗੁਰੂ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਆ ਰਹੀ ਹੈ। ਸਤਿਗੁਰੂ ਜੀ! ਤੁਹਾਡੇ ਵਰਗਾ ਨਾ ਕੋਈ ਹੋਇਆ ਹੈ, ਨਾ ਹੋਵੇਗਾ। ਪਰਉਪਕਾਰ ਦੀ ਖਾਤਰ ਇੰਨੀ ਵੱਡੀ ਕੁਰਬਾਨੀ। ਸੀਸ ਦਾ ਸਸਕਾਰ ਇੱਕ ਪਾਸੇ ਹੋ ਰਿਹਾ ਹੈ, ਧੜ ਦਾ ਸਸਕਾਰ ਇੱਕ ਪਾਸੇ ਹੋ ਰਿਹਾ ਹੈ। ਹੈ ਕਿਤੇ ਮਿਸਾਲਾਂ। ਆਓ ਸਾਰੇ ਬੱਚੇ ਬਣ ਕੇ ਅਰਦਾਸਾਂ ਕਰੀਏ:

***ਤੇਗ ਬਹਾਦਰ ਸਿਮਰਿਐ***
***ਘਰ ਨਉਨਿਧਿ ਆਵੈ ਧਾਇ॥***
***ਸਭ ਥਾਂਈ ਹੋਇ ਸਹਾਇ॥***

***(ਅਰਦਾਸ)***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

# ਦਇਆ ਤੇ ਪਰਉਪਕਾਰਤਾ ਦੀ ਮੂਰਤਿ

*—ਭਾਈ ਰਮਿੰਦਰ ਸਿੰਘ*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਗੁਰਪੁਰਬ ਆ ਰਿਹਾ ਹੈ। ਕੁਦਰਤੀ ਤੌਰ ਇਹ ਜੋ ਸਮਾਂ ਚੱਲ ਰਿਹਾ ਹੈ, ਕਿੰਨੀਆਂ ਹੀ ਸ਼ਤਾਬਦੀਆਂ ਅਸੀਂ ਮਨਾ ਚੁੱਕੇ ਹਾਂ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪ੍ਰਕਾਸ਼ ਦਿਵਸ ਵੱਡੀ ਪੱਧਰ ਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ ਹੈ। ਹੁਣ ਇੱਕ ਹੋਰ ਬਹੁਤ ਵੱਡੀ ਸ਼ਹੀਦੀ ਸ਼ਤਾਬਦੀ ਨਵੰਬਰ 2025 ਵਿੱਚ ਆ ਰਹੀ ਹੈ। ਉਹ ਹੈ ਸ੍ਰਿਸ਼ਟੀ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ। ਇੱਕ ਉਹ ਪਿਤਾ ਜਿਨ੍ਹਾਂ ਨੇ ਸ੍ਰਿਸ਼ਟੀ ਦੀ ਪੱਤ ਰੱਖਣ ਲਈ ਆਪਣਾ ਆਪ ਬਲੀਦਾਨ ਦਿੱਤਾ। ਦੁਨੀਆਂ ਦੇ ਇਤਿਹਾਸ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਕਾਤਲ ਦੇ ਘਰ ਜਾ ਕੇ ਕਤਲਗਾਹ ਵਿੱਚ ਉਸਨੂੰ ਅਵਾਜ਼ ਦਿੱਤੀ। ਸ਼ਹਾਦਤ ਦਾ ਸਫ਼ਰ ਖੁਦ ਤੈਅ ਕੀਤਾ।

ਇਤਿਹਾਸ ਦੇ ਪੰਨੇ ਫਰੋਲਦਿਆਂ ਇਹ ਸਾਹਮਣੇ ਆਉਂਦਾ ਹੈ ਕਿ ਜਦੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਆਗਮਨ ਹੋਇਆ ਤੇ ਛੇਵੇਂ ਪਾਤਸ਼ਾਹ ਜੀ ਨੇ ਨੌਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਸਮੇਂ ਉਨ੍ਹਾਂ ਨੂੰ ਬਹੁਤ ਪਿਆਰ ਕੀਤਾ। ਗੁਰੂ ਘਰ ਦੇ ਪਿਆਰੇ, ਦੁਲਾਰੇ, ਅਨਿੰਨ ਸੇਵਕ ਭਾਈ ਬਿਧੀ ਚੰਦ ਜੀ ਕੋਲ ਖੜ੍ਹੇ ਸਨ ਤੇ ਭਾਈ ਬਿਧੀ ਚੰਦ ਜੀ ਨੇ ਪੁੱਛ ਲਿਆ, ਇਸ ਸਪੁੱਤਰ ਲਈ ਇੰਨਾ ਪਿਆਰ ਕਿਉਂ? ਇੰਨਾ ਸਤਿਕਾਰ ਕਿਉਂ? ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਪਾਵਨ ਮੁੱਖ ਵਿੱਚੋਂ ਬਚਨ ਨਿਕਲਿਆ, "ਮੇਰਾ ਇਹ ਪੁੱਤਰ ਗਰੀਬਾਂ ਦੀ ਰੱਖਿਆ ਕਰਨ ਵਾਲਾ ਹੋਵੇਗਾ, ਮੇਰਾ ਇਹ ਪੁੱਤਰ ਸੰਸਾਰ ਦੇ ਲੋਕਾਂ ਦੀ ਪੱਤ ਢੱਕੇਗਾ ਤੇ ਨਾਲ ਇਹ ਵੀ ਬਚਨ ਕੀਤਾ ਜਦੋਂ ਵੀ ਕਿਸੇ ਤੇ ਅਤਿ ਦੀ ਮੁਸੀਬਤ ਪਵੇਗੀ, ਮੇਰਾ ਇਹ ਪੁੱਤਰ ਮੁਸੀਬਤਾਂ ਵਿੱਚ ਫਸਿਆ ਹੋਇਆਂ ਦੇ ਬੰਧਨ ਆਪ ਜਾ ਕੇ ਕੱਟੇਗਾ।"

ਕਿੰਨੀ ਡੂੰਘਾਈ ਹੈ, ਛੇਵੇਂ ਪਾਤਸ਼ਾਹ ਜੀ ਦੇ ਇਨ੍ਹਾਂ ਪਾਵਨ ਬਚਨਾਂ ਵਿੱਚ। ਬਾਬਾ ਗੁਰਦਿੱਤਾ ਜੀ ਦੀ ਜਦੋਂ ਸ਼ਾਦੀ ਹੋਈ ਤੇ ਨੌਵੇਂ ਪਾਤਸ਼ਾਹ ਜੀ ਦੀ ਉਮਰ ਉਸ ਸਮੇਂ ਕੇਵਲ ਚਾਰ ਸਾਲ ਦੀ ਸੀ। ਬਰਾਤ ਵਿੱਚ ਜਾ ਰਹੇ ਹਨ, ਨੌਵੇਂ ਪਾਤਸ਼ਾਹ ਜੀ। ਮਾਤਾ ਨਾਨਕੀ ਜੀ ਨੇ ਬਹੁਤ ਹੀ ਕੀਮਤੀ ਪੁਸ਼ਾਕ ਨੌਵੇਂ ਪਾਤਸ਼ਾਹ ਜੀ ਨੂੰ ਪਹਿਨਾਈ ਹੋਈ ਹੈ। ਨੌਵੇਂ ਪਾਤਸ਼ਾਹ ਜੀ ਨੇ ਬਰਾਤ ਵਿੱਚ ਜਾਂਦਿਆਂ ਇੱਕ ਬੱਚੇ ਨੂੰ ਦੇਖਿਆ ਜਿਸ ਦੇ ਤਨ ਤੇ ਕੋਈ ਕੱਪੜਾ ਨਹੀਂ ਸੀ ਪਹਿਨਿਆ ਹੋਇਆ, ਠੰਡ ਦੇ ਦਿਨ ਸਨ। ਪਿਤਾ ਜੀ ਕੋਲੋਂ ਰਿਹਾ ਨਹੀਂ ਗਿਆ। ਆਪਣੇ ਤਨ

*—ਬਾਕੀ ਹਿੱਸਾ ਪੰਨਾ 31 'ਤੇ ਪੜ੍ਹੋ ਜੀ*

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਖੰਡ ਬ੍ਰਹਿਮੰਡ ਦੇ ਸੁਆਮੀ

*—ਭਾਈ ਹਰਵਿੰਦਰਪਾਲ ਸਿੰਘ (ਲਿਟਲ)*

ਗੁਰਬਾਣੀ ਵਿੱਚ ਚੌਥੇ ਪਾਤਸ਼ਾਹ ਜੀ ਦਾ ਇੱਕ ਸ਼ਬਦ ਹੈ:

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥*

*(ਅੰਗ ੧੨੬੩)*

ਕਹਿਣ ਤੋਂ ਭਾਵ ਦੇਵੀ ਦੇਵਤੇ, ਪਾਵਨ ਨਦੀਆਂ ਵੀ ਉਨ੍ਹਾਂ ਗੁਰਮੁਖਾਂ ਦੇ ਚਰਨਾਂ ਦੀ ਧੂੜੀ ਲੋਚਦੀਆਂ ਹਨ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਜੀਵਨ ਦਾ ਇੱਕ ਬੜਾ ਹੀ ਪਿਆਰਾ ਜ਼ਿਕਰ ਹੈ।

ਵਾਰਾਨਸੀ ਜਾਓ ਤੇ ਉੱਥੇ ਗੁਰਦੁਆਰਾ ਸਾਹਿਬ ਹੈ, ਗੁਰਦੁਆਰਾ ਬੜੀ ਸੰਗਤ ਸਾਹਿਬ, ਨੀਚੀ ਬਾਗ। ਨੌਵੇਂ ਪਾਤਸ਼ਾਹ ਜੀ ਦੇ ਸਮੇਂ ਉੱਥੇ ਰਹਿੰਦੇ ਸਨ, ਭਾਈ ਕਲਿਆਣ ਦਾਸ ਜੀ। ਉਮਰ ਵਡੇਰੀ ਹੋਣ ਕਾਰਨ ਸ੍ਰੀ ਅਨੰਦਪੁਰ ਸਾਹਿਬ ਜਾਣਾ ਔਖਾ ਸੀ ਤੇ ਅੰਦਰੋਂ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ! ਕ੍ਰਿਪਾ ਕਰੋ, ਮੇਰੇ ਘਰ ਚਰਨ ਪਾਓ, ਦਰਸ਼ਨ ਬਖਸ਼ੋ। ਅੰਦਰੋਂ ਸ਼ਰਧਾ ਵੀ ਹੈ, ਪ੍ਰੇਮ ਵੀ ਹੈ ਪਰ ਹਾਲੇ ਮਨ ਪੂਰਾ ਵਿਕਿਆ ਨਹੀਂ, ਪਹਿਚਾਣ ਨਹੀਂ ਹੋਈ। ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਸੰਸਾਰ ਨੂੰ ਤਾਰਦੇ ਹੋਏ ਵਾਰਾਨਸੀ ਪਹੁੰਚੇ ਤੇ ਭਾਈ ਕਲਿਆਣ ਦਾਸ ਦੇ ਘਰ ਰਾਤ ਦਾ ਟਿਕਾਣਾ ਕੀਤਾ। ਉਸ ਦੀ ਅਰਦਾਸ ਕਬੂਲ ਹੋਈ। ਅੰਮ੍ਰਿਤ ਵੇਲਾ ਹੋਇਆ ਤੇ ਪਿਤਾ ਜੀ ਨੇ ਕਿਹਾ, ਭਾਈ ਕਲਿਆਣ ਦਾਸ ਅੰਮ੍ਰਿਤ ਵੇਲਾ ਹੋ ਗਿਆ ਹੈ, ਜਲ ਦਾ ਇੰਤਜ਼ਾਮ ਕਰੋ, ਅਸੀਂ ਇਸ਼ਨਾਨ ਕਰਨਾ ਹੈ। ਭਾਈ ਕਲਿਆਣ ਦਾਸ ਜੀ ਦੇ ਮਨ ਵਿੱਚ ਉਸ ਸਮੇਂ ਕੀ ਆਇਆ? ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਬਨਾਰਸ ਆਏ ਹਨ ਤੇ ਨੌਵੇਂ ਪਾਤਸ਼ਾਹ ਜੀ ਵੀ ਗੰਗਾ ਵਿੱਚ ਇਸ਼ਨਾਨ ਕਰਕੇ ਆਪਣੇ ਭਾਗ ਬਣਾ ਲੈਣ। ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! ਆਪ ਜੀ ਬਨਾਰਸ ਆਏ ਹੋ ਤੇ ਗੰਗਾ ਵਿੱਚ ਇਸ਼ਨਾਨ ਕਰ ਆਓ। ਦੂਰ-ਦੁਰਾਡੇ ਤੋਂ ਆ ਕੇ ਲੋਕੀਂ ਇੱਥੇ ਇਸ਼ਨਾਨ ਕਰਦੇ ਹਨ। ਤੁਸੀਂ ਕੁਦਰਤੀ ਆਏ ਹੋ ਤੇ ਇਸ਼ਨਾਨ ਕਰ ਆਓ। ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਕਹਿਣ ਲੱਗੇ, ਭਾਈ ਕਲਿਆਣ ਦਾਸ, ਇੱਥੇ ਹੀ ਠੀਕ ਹੈ, ਸਾਡੇ ਲਈ ਜਲ ਦਾ ਇੰਤਜ਼ਾਮ ਕਰੋ, ਸਮਾਂ ਲੰਘਦਾ ਜਾ ਰਿਹਾ ਹੈ। ਦੂਜੀ ਵਾਰ ਫਿਰ ਬੇਨਤੀ ਕੀਤੀ ਕਿ ਗੰਗਾ ਜਾ ਕੇ ਇਸ਼ਨਾਨ ਕਰ ਆਓ ਪਰ ਨੌਵੇਂ ਪਾਤਸ਼ਾਹ ਜੀ ਨੇ ਤੀਜੀ ਵਾਰ ਫਿਰ ਕਿਹਾ, ਅੰਮ੍ਰਿਤ ਵੇਲੇ ਦਾ ਸਮਾਂ ਲੰਘਦਾ ਜਾ ਰਿਹਾ ਹੈ, ਇੱਥੇ ਹੀ ਇਸ਼ਨਾਨ ਕਰ ਲਈਏ। ਹੁਣ ਇੱਥੇ ਕੀ ਬਰੀਕੀ ਹੈ? ਸਮਾਂ ਲੰਘਦਾ ਜਾ ਰਿਹਾ ਹੈ। ਪਿਤਾ ਜੀ ਦਾ ਇਸ਼ਾਰਾ, ਅੰਮ੍ਰਿਤ ਵੇਲੇ ਦਾ ਇੱਕ-ਇੱਕ ਪਲ ਕੀਮਤੀ ਹੈ, ਇਸ ਨੂੰ ਵਿਅਰਥ ਨਹੀਂ ਗੁਆਉਣਾ। ਇਸ ਦੇ ਇੱਕ-ਇੱਕ ਪਲ ਨੂੰ ਸੰਭਾਲਣਾ ਹੈ। ਪਿਤਾ ਜੀ ਨੇ ਤੀਜੀ ਵਾਰ

ਕਿਹਾ ਕਿ ਸਮਾਂ ਲੰਘਦਾ ਜਾ ਰਿਹਾ ਹੈ, ਭਾਈ ਜਲ ਦਾ ਇੰਤਜ਼ਾਮ ਕਰੋ। ਜਦੋਂ ਫਿਰ ਭਾਈ ਕਲਿਆਣ ਦਾਸ ਨੇ ਕਿਹਾ ਬਿਲਕੁਲ ਨਜ਼ਦੀਕ ਗੰਗਾ ਵਗਦੀ ਹੈ, ਸਤਿਗੁਰੂ ਜੀ ਇਸ਼ਨਾਨ ਕਰ ਆਓ ਤੇ ਪਿਤਾ ਜੀ ਦੇ ਮੁੱਖ ਤੋਂ ਬਚਨ ਨਿਕਲਿਆ, ਫਿਰ ਗੰਗਾ ਕੀ ਜਾਣਾ ਹੈ, ਗੰਗਾ ਨੂੰ ਹੀ ਇੱਥੇ ਬੁਲਾ ਲੈਂਦੇ ਹਾਂ। ਮਹਾਰਾਜ ਜੀ ਨੇ ਧਰਤੀ ਤੇ ਤੀਰ ਮਾਰਿਆ ਤੇ ਗੰਗਾ ਪ੍ਰਗਟ ਹੋ ਗਈ, ਇੱਕ ਚਸ਼ਮਾ ਫੁੱਟ ਪਿਆ। ਭਾਈ ਕਲਿਆਣ ਦਾਸ ਨੇ ਜਦੋਂ ਇਹ ਪ੍ਰਤੱਖ ਕੌਤਕ ਦੇਖਿਆ ਤੇ ਚਰਨਾਂ ਤੇ ਡਿੱਗ ਪਿਆ। ਬੇਨਤੀ ਕੀਤੀ, ਪਾਤਸ਼ਾਹ ਜੀ! ਬਖਸ਼ ਲਓ, ਆਪ ਜੀ ਨੂੰ ਪਹਿਚਾਨਣ ਵਿੱਚ ਮੈਂ ਭੁੱਲ ਕਰ ਗਿਆ ਹਾਂ। ਇਹ ਸਾਰੇ ਦੇਵੀ ਦੇਵਤੇ, ਨਦੀਆਂ, ਗੱਲ ਕੀ ਸਾਰੀ ਸ੍ਰਿਸ਼ਟੀ ਹੀ ਤੇਰੇ ਹੁਕਮ ਵਿੱਚ ਹੈ। ਮੈਨੂੰ ਬਖਸ਼ ਲਓ। ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ, ਕ੍ਰਿਪਾਲੂ ਪਿਤਾ ਜੀ ਨੇ ਮਿਹਰ ਦੀ ਨਿਗ੍ਹਾ ਕੀਤੀ ਤੇ ਹੁਕਮ ਕੀਤਾ, ਗੰਗਾ ਨੂੰ ਕਿ ਹੁਣ ਇੱਥੇ ਖੂਹ ਦੇ ਰੂਪ ਵਿੱਚ ਰਹਿ। ਅੱਜ ਵੀ ਜਾਓ, ਗੁਰਦੁਆਰਾ ਬੜੀ ਸੰਗਤ ਸਾਹਿਬ, ਨੀਚੀ ਬਾਗ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਹਾਲ ਦੇ ਅੰਦਰ ਹੀ ਇਹ ਖੂਹ ਹੈ ਤੇ ਨਿਰਮਲ ਜਲ ਅੱਜ ਵੀ ਉੱਥੋਂ ਨਿਕਲਦਾ ਹੈ। ਇਹ ਸਾਖੀ ਤੋਂ ਕੀ ਪ੍ਰੇਰਨਾ ਮਿਲਦੀ ਹੈ ਕਿ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਵਰਗਾ ਪਿਤਾ ਮਿਲਿਆ ਹੈ ਜਿਨ੍ਹਾਂ ਦੇ ਹੁਕਮ ਵਿੱਚ ਸਾਰਾ ਕੁਝ ਹੈ, ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਿਮੰਡ ਹੈ ਤੇ ਕਿਤੇ ਅਸੀਂ ਪਹਿਚਾਨਣ ਵਿੱਚ ਪਿੱਛੇ ਨਾ ਰਹਿ ਜਾਈਏ।

ਇਹ ਪਾਵਨ ਸ਼ਤਾਬਦੀ ਮਨਾਉਂਦਿਆਂ ਅਰਦਾਸ ਕਰੀਏ, ਹੇ ਸੱਚੇ ਪਾਤਸ਼ਾਹ ਜੀ! ਕਿਰਪਾ ਕਰੋ, ਇਹ ਜੀਵਨ ਆਪ ਜੀ ਦੀ ਕਿਰਪਾ ਨਾਲ ਹੀ ਆਪ ਦਾ ਬਣਦਿਆਂ ਅਖੀਰਲੇ ਸਵਾਸਾਂ ਤੱਕ ਨਿਭ ਜਾਵੇ।

ooo

---

*ਪੰਨਾ 20 ਦਾ ਬਾਕੀ ਹਿੱਸਾ—*

ਵਿੱਚ, ਨਾਮ ਦੀ ਮਹਿਮਾ ਵਿੱਚ ਬਾਣੀ ਹਰ ਪਲ ਪ੍ਰੇਰਨਾ ਦਿੰਦੀ ਹੈ।

***ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ***
***ਜੋ ਸਭਨਾ ਉਪਰਿ ਹੁਕਮੁ ਚਲਾਏ॥***

***(ਅੰਗ ੮੯)***

ਪਾਤਸ਼ਾਹ ਜੀ ਤਾਂ ਇੱਥੋਂ ਤੱਕ ਕਹਿੰਦੇ ਹਨ:

***ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ***
***ਸਭਿ ਨਾਵੈ ਅਗੈ ਆਣਿ ਨਿਵਾਏ॥੧੫॥***

***(ਅੰਗ ੮੯)***

ਜਿਸ ਦੇ ਕੋਲ ਨਾਮ ਹੈ, ਉਸ ਤੋਂ ਵੱਡਾ ਹੋਰ ਕੋਈ ਬਾਦਸ਼ਾਹ ਨਹੀਂ। ਪਿਤਾ ਜੀ ਨੇ ਨਾਮ ਦੀ ਟੇਕ ਲਈ ਹੋਈ ਹੈ। ਨਾਮ ਦੀ ਟੇਕ ਵਿੱਚ ਉਹ ਅੰਦਰੋਂ ਆਪ ਵੀ ਟਿਕੇ ਹੋਏ ਹਨ ਤੇ ਸਾਨੂੰ ਵੀ ਅੰਦਰੋਂ ਟਿਕਣ ਦੀ ਪ੍ਰੇਰਨਾ ਦੇ ਰਹੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ਤੋਂ ਲੈ ਕੇ, ਬਾਬਾ ਬਕਾਲੇ ਹੁੰਦਿਆਂ ਦਿੱਲੀ ਦੇ ਚਾਂਦਨੀ ਚੌਂਕ ਸੀਸ ਧੜ ਤੋਂ ਜੁਦਾ ਹੋਣ ਤੱਕ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਹਰ ਸਵਾਸ, ਹਰ ਪਲ ਨਾਮ ਨਾਲ ਜੁੜਿਆ ਹੋਇਆ ਹੈ। ਆਓ ਇਹ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਹੋਇਆਂ ਆਪ ਵੀ ਨਾਮ ਨਾਲ ਜੁੜੀਏ ਤੇ ਆਪਣੇ ਬੱਚਿਆਂ ਨੂੰ ਵੀ ਨਾਮ ਨਾਲ ਜੋੜੀਏ। ਨਾਮ ਨੂੰ ਆਪਣਾ ਆਧਾਰ, ਨਾਮ ਨੂੰ ਆਪਣੀ ਟੇਕ ਬਣਾ ਲਈਏ ਤਾਂ ਕਿ ਇਹ ਸ਼ਤਾਬਦੀ ਸਾਡੀ ਮਨਾਈ ਹੋਈ ਪਿਤਾ ਜੀ ਦੇ ਚਰਨਾਂ ਵਿੱਚ ਪ੍ਰਵਾਨ ਹੋ ਜਾਵੇ।

ooo

# ਦਇਆ ਤੇ ਕਰੁਣਾ ਨਾਲ ਓਤ ਪੋਤ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*—ਭਾਈ ਗੁਰਇਕਬਾਲ ਸਿੰਘ*

ਪਿਆਰ, ਵੈਰਾਗ ਤੇ ਅਨੁਰਾਗ ਦੀ ਮੂਰਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਮਨਾਉਣ ਦਾ ਸੁਭਾਗ ਸਮਾਂ ਸਾਨੂੰ ਪ੍ਰਾਪਤ ਹੋ ਰਿਹਾ ਹੈ। ਇਹ ਕੋਈ ਛੋਟੀ ਗੱਲ ਨਹੀਂ, ਗੁਰੂ ਸਾਹਿਬ ਦੀ ਕਿਰਪਾ ਨਾਲ ਸਾਡੇ ਚੰਗੇ ਭਾਗ ਹਨ। ਇੱਕ ਐਸੇ ਗੁਰੂ ਪਿਤਾ ਜਿਨ੍ਹਾਂ ਵਰਗਾ ਨਾ ਕੋਈ ਹੋਇਆ ਹੈ, ਨਾ ਹੋਵੇਗਾ। ਇੱਕ ਐਸੇ ਗੁਰੂ ਪਿਤਾ, ਜਿਨ੍ਹਾਂ ਦੀ ਮਿਸਾਲ ਦੁਨੀਆਂ ਵਿੱਚ ਤਾਂ ਕੀ, ਸਾਰੇ ਬ੍ਰਹਿਮੰਡ ਵਿੱਚ ਕਿਤੇ ਨਹੀਂ ਮਿਲੇਗੀ। ਪ੍ਰਕਾਸ਼ ਤੋਂ ਲੈ ਕੇ ਸ਼ਹਾਦਤ ਤੱਕ ਦਾ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਸਫਰ, ਦਇਆ ਤੇ ਕਰੁਣਾ ਨਾਲ ਓਤ ਪੋਤ ਹੈ। ਇਹ ਸ਼ਤਾਬਦੀ ਮਨਾਈ ਹੋਈ ਸਾਡੀ ਥਾਂਏਂ ਪੈ ਜਾਵੇਗੀ, ਕਿਤੇ ਗੁਰੂ ਸਾਹਿਬ ਦੇ ਜੀਵਨ ਵਿੱਚੋਂ ਕੋਈ ਕਿਨਕਾ ਮਾਤਰ ਵੀ ਚੱਲਣ ਦਾ ਅਸੀਂ ਯਤਨ ਕਰ ਲਿਆ। ਇਸ ਸ਼ਤਾਬਦੀ ਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਲੰਗਰ ਵੀ ਲਗਾਈਏ, ਸਜਾਵਟ ਵੀ ਕਰੀਏ, ਨਗਰ ਕੀਰਤਨ ਵੀ ਸਜਾਈਏ ਪਰ ਨਾਲ-ਨਾਲ ਜਿੱਥੇ ਬਾਣੀ ਦਾ ਨੇਮ ਵੀ ਵਧਾਈਏ ਉੱਥੇ ਆਪਣੇ ਜੀਵਨ ਵਿੱਚੋਂ ਆਪਣੇ ਔਗੁਣਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਜੀਵਨ ਵਿੱਚੋਂ ਕੱਢਣ ਦਾ ਪ੍ਰਣ ਕਰੀਏ। ਕਿਰਪਾ ਤਾਂ ਗੁਰੂ ਸਾਹਿਬ ਨੇ ਵਰਤਾਉਣੀ ਹੈ ਪਰ ਆਪਣੇ ਅੰਦਰ ਇੱਕ ਅਰਦਾਸ ਹੋਵੇ, ਇੱਕ ਤਰਲਾ ਹੋਵੇ, ਹੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਕਿਰਪਾਲੂ ਦਾਤੇ, ਕਿਰਪਾ ਕਰਨੀ, ਆਪ ਜੀ ਦੀ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਕਿਤੇ ਸਾਡਾ ਜੀਵਨ ਚੰਗਾ ਬਣ ਜਾਵੇ। ਤੇਰੀ ਕਿਰਪਾ ਨਾਲ ਸਾਡੇ ਜੀਵਨ ਵਿੱਚੋਂ ਤੇਰੇ ਗੁਣਾਂ ਦੀ ਖੁਸ਼ਬੂ ਆਵੇ। ਇਹ ਸਭ ਤੋਂ ਵੱਡੀ ਗੱਲ ਹੈ।

ਧੰਨ ਗੁਰੂ ਕਲਗੀਧਰ ਪਿਤਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਉਚਾਰਨ ਕੀਤਾ ਹੈ:

*ਤੇਗ ਬਹਾਦਰ ਸਿਮਰੀਐ*
*ਘਰਿ ਨਉ ਨਿਧਿ ਆਵੈ ਧਾਇ॥*
*ਸਭ ਥਾਈਂ ਹੋਇ ਸਹਾਇ॥*

*(ਅਰਦਾਸ)*

ਇਹ ਤੇ ਸ਼ਤ ਪ੍ਰਤੀਸ਼ਤ ਸੱਚਾਈ ਹੈ ਕਿ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਹਰ ਥਾਂ ਸਹਾਈ ਹੁੰਦੇ ਹਨ। ਅੰਦਰ ਭਾਵਨਾ ਹੋਵੇ। ਜੁਗਤੀ ਹੋਵੇ। ਜੇ ਕਿਤੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਬੇੜਾ ਬੰਨੇ ਲਗਾਇਆ ਤੇ ਕੋਈ ਅੱਜ ਵੀ ਭਾਵਨਾ ਨਾਲ ਅਰਦਾਸ ਕਰੇ, ਅੱਜ ਵੀ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਬੇੜੇ ਬੰਨੇ ਲਗਾਉਂਦੇ ਹਨ। ਜੇ ਮਾਲਵੇ ਗੰਢੂਆਂ ਪਿੰਡ ਭਾਈ ਮੂੰਗਲੂ ਜੀ ਦਾ ਅੰਤਿਮ ਵੇਲਾ ਸੰਭਾਲਦਿਆਂ ਛੇਵੇਂ ਪਾਤਸ਼ਾਹ ਜੀ ਦਾ ਬਚਨ ਪੂਰਾ ਕੀਤਾ ਤੇ ਅੱਜ ਵੀ ਮੇਰੇ ਪਾਤਸ਼ਾਹ ਜੀ ਸਹਾਈ ਹੋ ਕੇ ਬਾਂਹ ਫੜ੍ਹਦੇ ਹਨ। ਜੇ ਸ਼ਹੀਦੀ ਤੋਂ ਬਾਅਦ ਵੀ ਕਰਨਾਲ ਦੇ ਕੋਲ ਧੋਬੀ ਦੇਵਾ ਰਾਮ ਜੀ ਦੇ ਘਰ ਚਰਨ ਪਾ ਕੇ ਉਨ੍ਹਾਂ ਦੀ ਪ੍ਰੇਮ ਭੇਟਾ ਸਵੀਕਾਰ ਕਰਦੇ ਹਨ ਤੇ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਣੀ ਚਾਹੀਦੀ, ਅੱਜ ਵੀ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਪ੍ਰੇਮ ਵਿੱਚ

ਰੰਗਿਆਂ ਤੇ ਰੀਝਦੇ ਹਨ।

25 ਨਵੰਬਰ, 2025 ਦਾ ਦਿਹਾੜਾ ਕੋਈ ਆਮ ਦਿਹਾੜਾ ਨਹੀਂ। ਇਸ ਦਿਨ ਦਾ ਇੱਕ-ਇੱਕ ਪਲ ਸੰਭਾਲਣ ਵਾਲਾ ਹੈ। ਇਸ ਦਿਨ ਆਪਣੇ ਸਾਰੇ ਦੁਨਿਆਵੀ ਕਾਰਜਾਂ ਨੂੰ ਸੰਕੋਚ ਕੇ ਪਿਤਾ ਜੀ ਦੇ ਗੁਣ ਗਾਉਣੇ ਹਨ। ਇਹ ਦਿਨ ਤਾਂ ਪਿਤਾ ਜੀ ਨਾਲ ਗੱਲਾਂ ਕਰਨ ਵਾਲਾ ਹੈ। ਇਹ ਦਿਨ ਤਾਂ ਪਿਤਾ ਜੀ ਦੇ ਚਰਨਾਂ ਦੇ ਭਉਰੇ ਬਣਨ ਵਾਲਾ ਹੈ। ਇਹ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਮਨ ਵਿੱਚ ਇਹ ਭਾਵਨਾ ਹੋਵੇ ਕਿ ਜੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਣ ਗਾਵਾਂਗੇ ਤੇ ਛੇਵੇਂ ਪਾਤਸ਼ਾਹ ਜੀ ਦੀ ਕਿੰਨੀ ਪ੍ਰਸੰਨਤਾ ਮਿਲੇਗੀ। ਧੰਨ ਮਾਤਾ ਗੁਜਰ ਕੌਰ ਜੀ ਦੀ ਕਿੰਨੀ ਪ੍ਰਸੰਨਤਾ ਮਿਲੇਗੀ ਜਿਨ੍ਹਾਂ ਨੇ ਆਪਣਾ ਆਪ ਆਪਣੇ ਪਤੀ ਦੇ ਚਰਨਾਂ ਵਿੱਚ ਸਮਰਪਿਤ ਕਰ ਦਿੱਤਾ। ਧੰਨ ਗੁਰੂ ਕਲਗੀਧਰ ਪਿਤਾ ਜੀ ਦੀ ਕਿੰਨੀ ਪ੍ਰਸੰਨਤਾ ਮਿਲੇਗੀ ਤੇ ਸਭ ਤੋਂ ਵੱਡੀ ਗੱਲ ਚਾਰ ਸਾਹਿਬਜ਼ਾਦੇ ਤੇ ਉਹ ਗੁਰੂ ਦੇ ਪਿਆਰੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ, ਭਾਈ ਲੱਖੀ ਸ਼ਾਹ ਵਣਜਾਰਾ ਜੀ ਜਿਹੜੇ ਨੌਵੇਂ ਪਾਤਸ਼ਾਹ ਜੀ ਦੇ ਚਰਨਾਂ ਤੋਂ ਰੀਝ ਗਏ, ਆਪਣਾ ਆਪ ਕੁਰਬਾਨ ਕਰ ਗਏ, ਆਪਣਾ ਸਭ ਕੁਝ ਵਾਰ ਦਿੱਤਾ, ਉਨ੍ਹਾਂ ਦੀ ਕਿੰਨੀ ਪ੍ਰਸੰਨਤਾ ਮਿਲੇਗੀ। ਕਿੰਨੀ ਭਾਵਨਾ ਹੋਵੇਗੀ, ਇਨ੍ਹਾਂ ਪਿਆਰਿਆਂ ਦੀ ਗੁਰੂ ਪਿਤਾ ਜੀ ਪ੍ਰਤੀ।

ਇਸ ਲਈ ਇਸ ਘੜੀ ਦਾ ਇੰਤਜ਼ਾਰ ਕਰਦਿਆਂ ਬਾਣੀ ਦਾ ਹੋਰ ਨੇਮ ਵਧਾਉਣ ਦੇ ਨਾਲ-ਨਾਲ 25 ਨਵੰਬਰ, 2025 ਤੱਕ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ ਬਾਣੀ ਪਾਵਨ ਸਲੋਕ **'ਗੁਨ ਗੋਬਿੰਦ ਗਾਇਓ ਨਹੀ'** ਨੂੰ ਕੰਠ ਕਰਦਿਆਂ ਇਸ ਨੂੰ ਆਪਣੇ ਨੇਮ ਦਾ ਅੰਗ ਬਣਾ ਲਈਏ ਕਿਉਂਕਿ ਇਨ੍ਹਾਂ ਪਾਵਨ ਸਲੋਕਾਂ ਦੀ ਇੱਕ-ਇੱਕ ਪੰਕਤੀ ਵਿੱਚ ਕਿੰਨਾ ਵੈਰਾਗ ਭਰਿਆ ਪਿਆ ਹੈ, ਕਿੰਨੀ ਉਪਰਾਮਤਾ ਜੀਵਨ ਪ੍ਰਤੀ ਭਰੀ ਪਈ ਹੈ ਤੇ ਨਾਲ-ਨਾਲ ਅੰਦਰੋਂ ਆਪਣੇ ਆਪ ਨੂੰ ਚੀਨਦਿਆਂ ਕੋਈ ਨਾ ਕੋਈ ਔਗੁਣ ਜ਼ਰੂਰ ਜੀਵਨ ਵਿੱਚੋਂ ਦੂਰ ਕਰੀਏ। ਤੇ ਜੇ ਹੋ ਸਕੇ ਪਿਤਾ ਜੀ ਦੇ ਦਇਆ ਦੇ ਗੁਣ ਨੂੰ ਧਾਰਨ ਕਰਦਿਆਂ ਆਪਣੀ ਵਿੱਤ ਅਨੁਸਾਰ ਕਿਸੇ ਦੀ ਬਾਂਹ ਫੜ੍ਹੀਏ ਤੇ ਫਿਰ ਇਹ ਸ਼ਤਾਬਦੀ ਮਨਾਈ ਸਾਡੀ ਥਾਏਂ ਪੈ ਜਾਵੇਗੀ।

ooo

---

*ਪੰਨਾ 27 ਦਾ ਬਾਕੀ ਹਿੱਸਾ—*

ਤੋਂ ਉਹ ਕੀਮਤੀ ਪੁਸ਼ਾਕ ਉਤਾਰੀ ਤੇ ਉਸ ਬੱਚੇ ਨੂੰ ਪੁਆ ਕੇ ਉਸ ਦਾ ਤਨ ਢੱਕ ਦਿੱਤਾ। ਉਸ ਦਾ ਨੰਗੇਜ਼ ਢੱਕ ਦਿੱਤਾ। ਕਹਿਣ ਤੋਂ ਭਾਵ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਕਿਸੇ ਦਾ ਤਨ ਨੰਗਾ ਦੇਖਿਆ, ਉਸ ਦਾ ਤਨ ਢੱਕ ਦਿੱਤਾ। ਸਮਾਂ ਆਇਆ ਔਰੰਗਜ਼ੇਬ ਜਦ ਪੂਰੇ ਭਾਰਤ ਵਿੱਚ ਜ਼ੁਲਮੀ ਰਾਜ ਚਲਾ ਕੇ ਹਿੰਦੂ ਧਰਮ ਨੂੰ ਖਤਮ ਕਰ ਜਬਰੀ ਇਸਲਾਮ ਧਰਮ ਅਪਨਾਉਣ ਲਈ ਜ਼ੋਰ ਲਾ ਰਿਹਾ ਸੀ ਤਾਂ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਆਪਣੀ ਤਨ ਦੀ ਚਾਦਰ ਨਾਲ ਸ੍ਰਿਸ਼ਟੀ ਨੂੰ ਢੱਕ ਦਿੱਤਾ। ਤੇ ਉਨ੍ਹਾਂ ਤੇ ਪੈ ਰਹੀਆਂ ਅਤਿ ਦੀਆਂ ਮੁਸੀਬਤਾਂ ਤੋਂ ਉਨ੍ਹਾਂ ਨੂੰ ਸਦਾ ਸਦਾ ਲਈ ਨਿਜਾਤ ਦਿਵਾ ਦਿੱਤੀ।

ਐਸੇ ਮਹਾਨ ਪਿਤਾ, ਐਸੇ ਮਹਾਨ ਗੁਰੂ, ਐਸੇ ਮਹਾਨ ਰਹਿਬਰ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨਵੰਬਰ 2025 ਵਿੱਚ ਮਨਾਈ ਜਾਣੀ ਹੈ। ਆਓ ਅਜਿਹੇ ਮਹਾਨ ਗੁਰੂ ਪਿਤਾ ਜੀ ਦੇ ਚਰਨਾਂ ਵਿੱਚ ਆਪਣਾ ਅਕੀਦਾ ਭੇਂਟ ਕਰੀਏ।

ooo

# त्याग एवं वैराग्य की मूर्ति

## धन्य धन्य श्री गुरु तेग बहादर साहिब जी

*–भाई पाल सिंघ*

धन्य धन्य श्री गुरु तेग बहादर जी महाराज के 350 साला शहीदी दिवस की पावन शताब्दी मनाने के लिए सिक्ख संगतों में बहुत उत्साह है। पिता जी का शहीदी दिवस मनाते हुए सिक्ख ने अपने अंदर से देखना है कि अपना गृहस्थ धर्म निभाते हुए धर्म के पक्ष में मैं कहाँ खड़ा हूँ? मेरे अंदर कौन–कौन सी कमजोरियाँ हैं और फिर इन कमजोरियों को दूर करने के लिए सतिगुरु जी के चरणों में अरजोई करनी है। धन्य धन्य श्री गुरु तेग बहादर जी महाराज का जीवन देखें और उनके जीवन में एक अनमोल पक्ष यह सामने आता है कि पिता जी ने जीवन में त्याग ही रखा है। नवम् पातशाह जी का पहला शब्द ही यह है:

***साधो मन का मानु तिआगउ॥***

*(अंग २१६)*

हे इन्सान, यदि तू धर्म के मार्ग पर मंजिल पर पहुँचना चाहता है तो अपने मान का त्याग कर दे। अहंकार का त्याग कर दे, इस मैं मेरी को मिटा दे। हकीकत भी है कि यदि सिक्ख एवं गुरु में कोई पर्दा है तो वह है, अहंकार का पर्दा। महापुरुष वचन करते थे कि विकारी बख्शे गए, कामी बख्शे गए पर जिसने अहंकार नहीं छोड़ा, उसको जरुर परीक्षा देनी पड़ती है। क्यों? अहंकार करने वाला परमात्मा का शरीक बन जाता है। अरदास करो, सतिगुरु जी कृपा करें, हमारे जीवन में से अहंकार का त्याग हो जाए। अगला गुण सतिगुरु जी प्रदान करते हैं:

***कामु क्रोधु संगति दुरजन की***
***ता ते अहिनिसि भागउ॥१॥ रहाउ॥***

*(अंग २१६)*

धन्य धन्य श्री गुरु तेग बहादर जी महाराज वचन करते हैं, जहाँ मान त्यागना है, वहाँ साथ ही काम व क्रोध का भी त्याग करना है। सिक्ख के जीवन में यह बहुत बड़े गड्ढे हैं, जहाँ से सिक्ख ने बच कर रहना है। अन्यथा एक तरफ बंदगी का बर्तन भर रहा है यदि यह दोनों गड्ढे पार नहीं किए तो साथ–साथ बहता जाएगा। आगे धन्य धन्य श्री गुरु तेग बहादर जी वचन करते हैं:

***नह निंदिआ नह उसतति***
***जा कै लोभु मोहु अभिमाना॥***
***हरख सोग ते रहै***
***निआरउ नाहि मान अपमाना॥१॥***

*(अंग ६३३)*

बड़ा कठिन है, खुशी व गमी में एक समान रहना। गुरु साहिब कृपा करें तो ही यह खेल



धन्य धन्य श्री गुरु तेग बहादर साहिब जी

धन्य श्री गुरु तेग बहादर जी घर नहीं थे, असाम में प्रचार करने गए हुए थे। पाँच वर्ष की आयु जब कलगीधर पिता जी की हुई तो उस समय पहली बार पिता व पुत्र का परस्पर मिलाप हुआ। मोह को कितना त्यागा हुआ है पिता जी ने। केवल उपदेश ही नहीं कर रहे, अपने जीवन द्वारा हमें प्रेरणा भी दे रहे हैं पर आखिर में सतिगुरु जी परिणाम क्या निकालते हैं:

***जन नानक इहु खेलु कठनु है किनहूं गुरमुखि जाना ॥२॥१॥***

*(अंग २१६)*

बन सकती है। यदि कोई निंदा कर रहा है तो भी कोई फर्क नहीं। कोई उस्तति कर रहा है तो कोई खुशी नहीं। श्री सुखमनी साहिब की बाणी में इस अवस्था का जिक्र आता है:

***तैसा हरखु तैसा उसु सोगु ॥***

*(अंग २७५)*

जीवन मुक्त ही वह है जिसने खुशी व गमी को एक समान जाना है। नवम् पातशाह जी का जीवन देखें तो पिता जी के घर विवाह से लगभग 30 वर्ष उपरांत दसम पातशाह जी का आगमन हुआ। और जिस दिन आगमन हुआ,

यह दातें किसी विरले को ही प्राप्त होती हैं पर हमारे पिता धन्य श्री गुरु तेग बहादर महाराज जी बहुत बड़े हैं, मधुरभाषी हैं, सर्वकला समर्थ हैं और उनके चरणों में भी अरदास करें, हे सच्चे पातशाह जी! कृपा करो, इस जीवन में ही यह दातें किणका मात्र ही झोली में डाल देना तांकि हमारा भी यह जन्म इस धरती पर आना सफल हो जाए।

०००

# जीवन वर्णन

# धन्य धन्य श्री गुरु तेग बहादर जी

–जसविन्द्र सिंघ पटियाला)

| | | |
|---|---|---|
| **नाम** | : | धन्य धन्य श्री गुरु तेग बहादर साहिब जी महाराज |
| **पातशाही** | : | नवम् |
| **प्रकाश दिवस** | : | 1621 ई॰ (संवत 1678) |
| **प्रकाश स्थान** | : | गुरुद्वारा गुरु के महल (श्री भोरा साहिब) श्री अमृतसर साहिब |
| **पिता जी का नाम** | : | धन्य धन्य श्री गुरु हरिगोबिंद साहिब जी |
| **माता जी का नाम** | : | धन्य धन्य माता नानकी जी |
| **पत्नी का नाम** | : | धन्य धन्य माता गुजर कौर जी |
| **संतान** | : | धन्य धन्य श्री गुरु गोबिंद सिंघ जी महाराज |
| **पोते** | : | धन्य धन्य बाबा अजीत सिंघ जी, धन्य धन्य बाबा जुझार सिंघ जी धन्य धन्य बाबा ज़ोरावर सिंघ जी, धन्य धन्य बाबा फतेह सिंघ जी |
| **भाई** | : | धन्य बाबा गुरदिता जी, धन्य बाबा अटल राए जी, धन्य बाबा अनी राए जी, धन्य बाबा सूरज मल जी |
| **बहन** | : | धन्य बीबी वीरो जी |
| **जीजा** | : | धन्य भाई साधू जी |
| **भानजे** | : | धन्य भाई संगो शाह जी, धन्य भाई जीत मल जी, धन्य भाई गुलाब चंद जी, धन्य भाई माहरी चंद जी, धन्य भाई गंगा राम जी |
| **पड़दादके** | : | **पड़दादा जी**– धन्य धन्य श्री गुरु रामदास जी महाराज<br>**पड़दादी जी**– धन्य धन्य माता भानी जी |
| **दादके** | : | **दादा जी**– धन्य धन्य श्री गुरु अर्जुन जी महाराज<br>**दादी जी**– धन्य धन्य माता गंगा जी |
| **नानके** | : | भाई हरी चंद जी और माता हरदई जी (धन्य माता नानकी जी के माता–पिता जी गांव बकाला निवास करते थे) |
| **सास/ससुर** | : | **ससुर**– भाई लाल चंद जी, **सास**– माता बिशन कौर जी |

| | | |
|---|---|---|
| **ससुर परिवार का निवास स्थान** | : | पहले लखनौर (ज़िला अंबाला) और फिर करतारपुर (ज़िला जालंधर) |
| **विवाह स्थान** | : | करतारपुर (ज़िला जालंधर) |
| **गुरयाई दिवस** | : | 1665 ई॰ (बाबा बुड्ढा साहिब जी के वंश में से भाई गुरदित्ता जी ने गुरयाई तिलक लगाया) |
| **गुरयाई स्थान** | : | बाबा बकाला |
| **गुरयाई समय** | : | लगभग ग्यारह वर्ष (1665 से 1675 ई॰ तक) |
| **नवम् पातशाह जी के हजूरी कीर्तनकार** | : | धन्य भाई गुलाब राय जी, धन्य भाई राजा जी, धन्य भाई बहिल जी, धन्य भाई मनसूद जी, धन्य भाई हरबंस जी |
| **कुल दुनियावी उम्र** | : | 54 वर्ष |
| **शहीदी दिवस** | : | 1675 ई॰ |
| **शहीदी स्थान** | : | गुरुद्वारा श्री सीस गंज साहिब, चांदनी चौंक दिल्ली (वह पावन कुंआ आज भी इस गुरुद्वारा साहिब में स्थित है, जिस में से जल लेकर गुरु साहिब ने शहीदी से पहले स्नान किया था) |
| **सस्कार स्थान** | : | गुरुद्वारा श्री सीस गंज साहिब, श्री आनंदपुर साहिब (पावन सीस का सस्कार स्थान)<br>गुरुद्वारा श्री रकाब गंज साहिब, दिल्ली (पावन धड़ का सस्कार स्थान) |
| **नगर बसाया** | : | श्री आनंदपुर साहिब (21 आषाढ़ 1722 अर्थात 19 जून 1665 को भाई गुरदित्ता जी से नींव रखवाई और नाम चक्क नानकी रखा और जब दशम पातशाह जी पटना साहिब से यहाँ आए, आकर श्री अनंदु साहिब जी का पाठ सुनाया तो धन्य श्री गुरु तेग बहादर जी ने नाम श्री आनंदपुर साहिब रख दिया) |
| **चुनिंदा प्यारे सिक्ख** | : | धन्य बाबा मक्खन शाह लुबाणा जी, धन्य भाई दरगाह मल जी, धन्य भाई मती दास जी, धन्य भाई सती दास जी, धन्य भाई दयाला जी, धन्य भाई जैता जी, धन्य भाई लक्खी शाह वणजारा जी, धन्य भाई उदय सिंघ जी, धन्य भाई गुरदित्ता जी, धन्य भाई घनइया जी, धन्य भाई मीहां जी, धन्य चाचा फगू मल जी। |

**रचित पावन बाणी** : 59 शब्द और 57 श्लोक (जैजावंती राग में भी बाणी रची)

**नवम् पातशाह जी की बाणी का उल्लेख :**

| | |
|---|---|
| गउड़ी राग में 9 शब्द | तिलंग राग में 3 शब्द |
| आसा राग में 1 शब्द | बिलावल राग में 3 शब्द |
| देवगंधारी राग में 3 शब्द | रामकली राग में 3 शब्द |
| बिहागड़ा राग में 1 शब्द | मारु राग में 3 शब्द |
| सोरठि राग में 12 शब्द | बसंत हिंडोल राग में 1 शब्द |
| धनासरी राग में 4 शब्द | बसंत राग में 4 शब्द |
| जैतसरी राग में 3 शब्द | सारंग राग में 4 शब्द |
| टोडी राग में 1 शब्द | जैजावंती राग में 4 शब्द |

**पावन नगर जहाँ नवम् पातशाह काफी समय रहे :**

| | |
|---|---|
| 1. श्री अमृतसर साहिब | 2. बाबा बकाला साहिब |
| 3. श्री आनंदपुर साहिब | 4. श्री पटना साहिब |
| 5. असाम | 6. आगरा |
| 7. दिल्ली | 8. पंजाब व मालवा इलाका |

**शहीदी के उपरांत के ऐतिहासिक सफर के पड़ाव:**

1. चाँदनी चौंक से भाई जैता जी का पहला पड़ाव– बागपट (यू.पी.) में सूफी फकीर शेख हजरत वाउदीन एवं हिन्दू भाई किशन पाल जी।
2. दूसरा पड़ाव– धोबी देवा राम के घर तरावड़ी (करनाल) में गु: श्री सीस गंज साहिब (तरावड़ी)
3. तीसरा पड़ाव– भाई राम देव जी एवं मेहर धूमिया जी के घर कैंथ माजरी (अंबाला)
4. चौथा पड़ाव– मुसलमान फकीर दरगाही शाह के पास जीरकपुर में गु: श्री नाभा साहिब (जीरकपुर)
5. पाँचवा पड़ाव– श्री कीरतपुर साहिब (गु: श्री बिबानगढ़ साहिब)
6. पावन सीस का सस्कार– गु: श्री सीस गंज साहिब (श्री आनंदपुर साहिब)
7. पावन धड़ का सस्कार– गु: श्री रकाब गंज साहिब (दिल्ली)

# धन्य धन्य श्री गुरु तेग बहादर जी

## जीवन कथा

*–भाई पिंदरपाल सिंघ जी*

भाई पिंदरपाल सिंघ जी की पुस्तक जीवन कथा और शहादत में से सतिगुरु श्री गुरु तेग बहादर कृपालु जी के संबंध में सर्वप्रथम इतिहास को पढ़ते हमें यह देखना होगा कि वह कितनी पावन धरती है, जहाँ सतिगुरु जी का अवतार हुआ। कौन माता–पिता है, जिनके घर समर्थ सतिगुरु जी आए और फिर वे कौन–कौन से सिक्ख हैं, कौन–कौन से जीव हैं, जिन्होंने समर्थ गुरु के दर्शन किए और उनको अंदर टिकाव मिला। क्योंकि श्री गुरु ग्रंथ साहिब जी की बाणी में सतिगुरु जी ने फरमाया है :

*सा धरती भई हरीआवली*
*जिथै मेरा सतिगुरु बैठा आइ ॥*
*से जंत भए हरीआवले*
*जिनी मेरा सतिगुरु देखिआ जाइ ॥*

*(अंग ३१०)*

धरती हरिआवली का अर्थ है– भाग्यशाली हो गई। वहाँ आध्यात्मिक तरंगें पैदा हो गईं।

*धनु धंनु पिता धनु धंनु कुलु*
*धनु धनु सु जननी*
*जिनि गुरु जणिआ माइ ॥*
*धनु धंनु गुरु जिनि नामु अराधिआ*
*आपि तरिआ जिनी डिठा तिना लए छडाइ ॥*

*(अंग ३१०)*

वह धरती कौन–सी है, जहाँ गुरु तेग बहादर साहिब आए। वह माता–पिता कौन है, जिनके गृह में भाग्य लगाया। सर्वप्रथम अर्ज करना चाहता हूँ कि वह धरती है, जिसको हम गुरु की नगरी कहते हैं, जिसको आज श्री अमृतसर साहिब कहते हैं और धन्य श्री गुरु रामदास जी का पावन स्थान वहाँ है, उस धरती के संबंध में गुरु अर्जुन देव जी ने पहले ही अपनी बाणी में उचारण कर दिया था:

*डिठे सभे थाव नही तुधु जेहिआ ॥*
*बधोहु पुरखि बिधातै ताँ तू सोहिआ ॥*
*वसदी सघन अपार अनूप रामदास पुर ॥*
*हरिहां नानक कसमल जाहि*
*नाइऐ रामदास सर ॥१०॥*

*(अंग १३६२)*

यह धरती जिसको पहले गुरु का चक्क कहा गया। समय के साथ इसको चक्क गुरु का भी कहा गया। फिर इस धरती को सुधासर कहने लगे, पर आज इस धरती का नाम अमृतसर लेते हैं। अमृतसर साहिब जी की इस नगरी में धन्य श्री गुरु हरिगोबिंद साहिब जी के गृह में माता नानकी जी की कोख से अप्रैल सन् 1621 ई॰ को साहिब श्री गुरु तेग बहादर कृपालु जी का अमृत वेले आगमन हुआ है, क्योंकि जहाँ हम ने बाणी की बात करनी है, वहाँ हमने अपने

गुरु के इतिहास, गुरु बाबाओं की साखियों से परिचित होना अति आवश्यक है। अप्रैल 1621 ई॰ को अमृत वेले धन्य श्री गुरु हरिगोबिंद साहिब सच्चे पातशाह जी, श्री हरिमन्दिर साहिब आसा दी वार का कीर्तन श्रवण कर रहे थे। उस समय घर से एक सेवक गया और गुरु साहिब के चरणों में जाकर विनती की, सच्चे पातशाह! आप जी के गृह पाँचवें सुपुत्र ने आज जन्म लिया है। धन्य श्री गुरु तेग बहादर जी से पहले, धन्य श्री गुरु हरिगोबिंद साहिब जी के गृह में चार सुपुत्र और एक सुपुत्री है। सबसे बड़े सुपुत्र हैं बाबा गुरदिता जी, उनके उपरांत बाबा अटल राय जी, बाबा अनी राय जी, बाबा सूरज मल जी और एक सुपुत्री है बीबी वीरो जी। जब पाँचवें सुपुत्र धन्य श्री गुरु तेग बहादर साहिब जी के आगमन के बारे में सेवक ने विनती की तो धन्य श्री गुरु हरिगोबिंद साहिब जी अपने महलों को गए जहाँ धन्य श्री गुरु तेग बहादर जी का आगमन हुआ, उसको आज हम कहते हैं गुरुद्वारा गुरु के महल। गुरु साहिब अकेले नहीं, साथ आदरणीय बाबा बुड्ढा साहिब जी, भाई गुरदास जी और भाई बिधी चंद जी गए। धन्य श्री गुरु हरिगोबिंद साहिब जी ने गुरु तेग बहादर कृपालु जी के जन्म से कुछ समय बाद ही अपनी गोद में लिया और यहाँ इतिहासकारों ने एक बड़ी सुंदर बात कही है। कहते हैं कि जब सतिगुरु धन्य श्री गुरु तेग बहादर जी को धन्य श्री गुरु हरिगोबिंद साहिब जी ने अपनी गोद में लिया तो उन्होंने अपने पुत्र के तन को देखकर थोड़ा–सा शीश झुका दिया था। भाई बिधी चंद जी ने वहाँ प्रश्न कर दिया कि सच्चे पातशाह! आप जी के घर पहले चार सुपुत्र हैं, पर यह जो सबसे छोटा सुपुत्र आया है, इसके आगमन की खुशी में एक तो अपनी गोद में लिया है और दूसरा चरणों अथवा पवित्र शरीर को देखकर शीश क्यों झुका दिया?

अब यहाँ एक बात याद रखना। हमने इसको तारिक वृति से नहीं लेना कि धन्य श्री गुरु हरिगोबिंद साहिब जी पिता हैं और धन्य श्री गुरु तेग बहादर साहिब जी सुपुत्र हैं। धन्य श्री गुरु तेग बहादर जी को बहुत प्यार दिया धन्य श्री गुरु हरिगोबिंद साहिब जी ने और बड़े सुपुत्र बाबा गुरदित्ता जी को जब बुलाते थे अकेला गुरदित्ता शब्द ही नहीं इस्तेमाल करते थे, बाबा गुरदित्ता कहते थे। जब पूछा, महाराज जी! इस सुपुत्र के लिए बाबा शब्द क्यों? क्योंकि बाबा गुरदित्ता जी वह महान हस्ती हैं, जिनके घर धन्य श्री गुरु नानक देव जी की ज्योति के सातवें मालिक धन्य श्री गुरु हरिराय साहिब जी ने अवतार लेना है। जिनके घर में गुरु जी ने आना है, वहाँ पिता का अदब था। चाहे धन्य श्री गुरु हरिगोबिंद साहिब जी के सुपुत्र हैं, बाबा गुरदित्ता जी पर साथ ही शब्द इस्तेमाल करते थे बाबा गुरदिता। धन्य श्री गुरु तेग बहादर जी को जब यह सन्मान दिया गया तो भाई बिधी चंद जी ने पूछ लिया कि इस सुपुत्र के लिए इतनी इज्जत, इतना सत्कार क्यों? गुरु साहिब कहने लगे, "बिधी चंद जी! यह मेरा पुत्र गरीबों के लिए रक्षक होगा। यह मेरा पुत्र संसार में लोगों की इज्जत बचाएगा और जब भी किसी पर मुसीबत आएगी तो मेरा यह पुत्र मुसीबतों में फंसे हुओं के मुसीबतों के बंधन काट देगा। इसलिए इसका

अदब किया है।

कुछ सज्जन कहते हैं कि बचपन में नाम रखा था त्याग मल पर जब करतारपुर की धरती पर तेग चलाई और मैदान–ए–जंग में जूझे तो त्याग मल से तेग बहादर जी नाम रख दिया। यह हकीकत है कि धन्य श्री गुरु तेग बहादर जी का नाम गुरु हरिगोबिंद साहिब कृपालु जी ने जंग के उपरांत अमृतसर में तेग बहादर रख दिया था। भाई गुरदास जी ने दर्शन किए। धन्य श्री गुरु हरिगोबिंद साहिब जी ने आशीषें दीं। इस समय बाबा बुड्ढा साहिब जी की आयु 115 वर्ष की हो चुकी थी। बाबा बुड्ढा साहिब जी ने धन्य श्री गुरु तेग बहादर साहिब जी को बाल अवस्था में देखा और कहा– हे बालक! मुझे परमात्मा ने शायद इसलिए दीर्घायु दी है कि तेरे जैसे त्यागी, तेरे जैसे जपी, तेरे जैसे तपस्वी, तेरे जैसे बंदगी के खजाने के मालिक के दर्शन कर सकूँ। मैं हैरान हुआ जब धन्य श्री गुरु हरिगोबिंद साहिब जी ने भी पढ़ाई बाबा बुड्ढा साहिब जी से की थी और जिस दिन धन्य श्री गुरु तेग बहादर जी की तालीम की बात चली तो उस दिन भी बाबा बुड्ढा साहिब जी को नियुक्त किया गया। धन्य श्री गुरु तेग बहादर साहिब जी को सबसे पहले गुरबाणी की संथ्या देने वाले बाबा बुड्ढा साहिब जी थे। इतिहास साक्षी है कि धन्य श्री गुरु तेग बहादर साहिब जी को बाबा बुड्ढा साहिब अपने पास बिठा कर गुरबाणी की, गुरमति की एवं सिक्खी कमाने की शिक्षा देते रहे।

धन्य श्री गुरु तेग बहादर साहिब जी के जीवन में कुछ घटनाएँ घटित होती हैं, जो बड़े अर्थ पूर्वक हैं। चार वर्ष की आयु थी मेरे धन्य श्री गुरु तेग बहादर साहिब जी की और इनके बड़े भ्राता बाबा गुरदिता जी का विवाह आ गया। सर्दी का मौसम था। जब बाबा गुरदिता जी की बारात निकली तो इनके गांव व नगर के लोग सड़क के किनारे आकर धन्य श्री गुरु हरिगोबिंद साहिब जी के सुपुत्र बाबा गुरदिता जी की बारात को देखने के लिए आए। प्रत्येक का एक दूसरे की तरफ ध्यान था पर चार वर्ष की आयु है धन्य श्री गुरु तेग बहादर साहिब जी की वह भी बारात में शामिल हैं। माता नानकी जी ने कीमती पोशाक पहनाई। उस समय कीमती आभूषण भी धारण किए। धन्य श्री गुरु तेग बहादर जी का ध्यान किसी अन्य तरफ नहीं, सड़क पर खड़े छोटे– छोटे बच्चों को देखते हैं। इन में एक मासूम बच्चा था उनकी आयु जितना। उसके पास जाकर देखा कि उसके तन पर कोई गर्म वस्त्र नहीं। सर्दी से वह कांप रहा है। बाल गुरु तेग बहादर साहिब जी निकट खड़े हो गए और कहा कि इतनी सर्दी है। क्या तेरी माता ने तन के लिए कोई वस्त्र नहीं दिया। उस बच्चे का उत्तर था, कौन–सी माता है जो यह नहीं चाहती कि मेरे बच्चे को सुंदर पोशाक न मिले। मेरे पुत्र को खुराक न मिले, शरीर के लिए वस्त्र न मिले। मां तो चाहती है पर गरीबी इतनी है कि घर का निर्वाह बड़ा मुश्किल से होता है। हम गरीबों को गर्म वस्त्र कहाँ से नसीब होना है। यह सुनकर धन्य श्री गुरु तेग बहादर जी ने अपना कीमती वस्त्र उतार कर उस बच्चे को पहना दिया। वह कहने लगे, लो तुम सर्दी से बचो, मुझे माँ और सिलवा देगी। बारात आगे चली गई पर चार वर्ष की आयु में निर्धनों पर दया करने वाले धन्य श्री

गुरु तेग बहादर साहिब जी वापिस आए तो माता नानकी जी ने पूछा, लाल जी, कीमती पोशाक कहाँ छोड़ आए हो? पहले खामोश हो गए, फिर कहा, माँ! सच जानना, किसी का नग्न मुझ से देखा नहीं गया। एक गरीब बच्चा जिसके तन पर वस्त्र नहीं था मैंने उससे पूछा तो उसने कहा कि घर का निर्वाह मुश्किल से होता है गर्म वस्त्र किसने लेकर देना है। माता जी, आप मुझे और वस्त्र भी सिलवा दोगे पर उस गरीब बच्चे को किसने वस्त्र लेकर देना था।

बात केवल वस्त्र की नहीं थी। एक बच्चे का तन नग्न देखा और धन्य श्री गुरु तेग बहादर साहिब जी से रहा न गया, अपने शरीर के वस्त्र उतार बच्चे के तन को ढंक दिया। जिस दिन हिन्दुस्तान की धरती पर देखा कि तिलक जनेउ खतरे में है। यहाँ भी बहू–बेटियों की इज्जत को कोई उतार रहा है तो उस दिन धन्य श्री गुरु तेग बहादर साहिब जी ने अपने तन की चादर बनाकर सारे हिन्दुस्तान को ढंक दिया। यदि वस्त्र की जरुरत पड़ी तो तन वस्त्र से ढंक दिया। यदि किसी धर्म की इज्जत ढंकने की जरुरत पड़ी तो अपने तन की चादर बनाकर धर्म की इज्जत ही सदा के लिए ढंक दी।

धन्य श्री गुरु तेग बहादर साहिब जी की बाल्यावस्था में एक और घटना घटित हुई, जिसने इनको गंभीर कर दिया था। वह घटना भ्राता बाबा अटल राय जी की। नौ वर्ष की आयु थी बाबा अटल राय जी की जिस दिन वह परलोक गमन कर गए। क्योंकि माता नानकी जी की कोख से दो सुपुत्र हुए। दुयिनावी आयु में बड़े बाबा अटल राय जी और छोटे हैं श्री गुरु तेग बहादर साहिब जी। जब बाबा अटल राय जी को अपनी आँखों के सामने संसार से कूच करते देखा तो धन्य श्री गुरु तेग बहादर साहिब जी के मन पर इतना प्रभाव पड़ा कि आप उस दिन के बाद और गंभीर हो गए। चुप रहना शुरु कर दिया। अमृतसर में बाल उम्र उनकी व्यतीत हुई।

एक वचन बड़ा सुंदर इतिहासकार कहते हैं कि धन्य श्री गुरु तेग बहादर साहिब जी कभी किसी से ज्यादा नहीं बोलते थे। कभी किसी से खिलखिला कर हंसे नहीं थे। एक विद्वान कहता है कि धन्य श्री गुरु तेग बहादर साहिब सच्चे पातशाह जी! जब मैं आपके अमृत वचन पढ़ता हूँ, श्री गुरु ग्रंथ साहिब में से, आपने तो ईश्वर का गुणगान किया है अथवा मृत्यु को आवाज दी है। इतनी गंभीरता व इतना वैराग्य है आपके अंदर, क्या आप चंचलपन में कभी हंसे होंगे? बड़े गंभीर हैं और चुप रहते हैं।

धन्य श्री गुरु तेग बहादर साहिब जी का नेम क्या है? गुरु संगत में आना और आँखें झुकाकर पीछे बैठ जाना उनका नेम है। यदि एकांत में हैं तो केवल अंतर्मुखी होकर प्यारे के नाम में लीन रहना। कोई समय ऐसा नहीं कि जब धन्य श्री गुरु तेग बहादर साहिब जी के हृदय से परमात्मा की याद भूली हो। उनके जीवन में सिमरन से लेकर शहादत तक का एक सफर है। यूं कह लो कि इबादत धन्य श्री गुरु तेग बहादर साहिब जी की नींव है और शहादत धन्य श्री गुरु तेग बहादर साहिब जी का क्लश है।

***–शेष अगले अंक में पढ़ो जी***

# DHAN DHAN SRI GURU TEG BAHADAR JI
# Praises and Statements in favour of the Ninth Master Lord by His Beloved Devotees
# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ
# ਵਡਿਆਈਆਂ ਅਤੇ ਬਚਨ

1. ਗੁਰੂ ਤੇਗ ਬਹਾਦਰ ਆਂ ਸਰਾ ਪਾ ਅਫਜ਼ਾਲ ॥
ਜ਼ੀਨਤ ਆਰਾਇ ਮਹਿਫ਼ਲਿ ਜਾਹੋ ਜਲਾਲ ॥੯੯॥
*(ਭਾਈ ਨੰਦ ਲਾਲ ਜੀ)*

2. Words uttered to welcome the Ninth Master in this world by Baba Budha Sahib Ji at the age of 115 years:

**"O Child! God has given me such long age, so that I may have 'darshan' of such a great saint and meditator, a staunch devotee of God and a true treasure of sheer devotion."**

3. When Baba Makhan Shah Lubana Ji revealed the true Guru to the world, he uttered these words:

*ਸਾਚਾ ਗੁਰ ਲਾਧੋ ਰੇ। ਸਾਚਾ ਗੁਰ ਲਾਧੋ ਰੇ।*

4. Chand, the poet has written very beautiful lines- when Sri Guru Teg Bahadar Ji lend a helping hand to the Kashmiri Pandits, He fully explained that one cannot step back and should not, when one promises to help others in distress, even at the cost of one's life:

*ਚਿੱਤ ਚਰਨ ਕਮਲ ਕਾ ਆਸਰਾ
ਚਿੱਤ ਚਰਨ ਕਮਲ ਸੰਗ ਜੋੜੀਐ।
ਮਨ ਲੋਚੈ ਬੁਰਿਆਈਆ
ਗੁਰ ਸ਼ਬਦੀ ਇਹ ਮਨ ਹੋੜੀਐ।
ਬਾਂਹ ਜਿਨਾ ਦੀ ਪਕੜੀਐ
ਸਿਰ ਦੀਜੈ ਬਾਂਹ ਨ ਛੋੜੀਐ।
ਤੇਗ ਬਹਾਦਰ ਬੋਲਿਆ
ਧਰ ਪਈਐ ਧਰਮ ਨ ਛੋੜੀਐ।*

## Praises of other Gurus from the glimpses of life of the Ninth Master Lord!

1. Once during childhood Sri Guru Teg Bahadur Ji saw a poor naked child. He could not bear this and removed His own precious clothes and donated the same to the poor boy to wear. When Guru Ji realized that Hinduism was in danger in India and atrocities were being inflicted upon Indian women, **He covered the whole of India as a spread sheet to save it i.e. sacrificed His life**

**for the honour of the country.**

2. Daily spiritual routine of Dhan Sri Guru Teg Bahadar Ji:

   While accompanying the noble souls, He would not look here and there rather He would sit behind (at the end) silently. When alone, He would meditate on the Name (Naam) of God only. He would concentrate on 'Baani' alone, nothing else.

3. He always preached to shun egoism and worldly affairs and advised to be always lost in the fond memory of God. Feel pangs of separation from God. Guru Ji says- He who has spiritual love for God, feels pangs of separtaion and he who sacrifices himself unto the Lord, that person becomes one with God. Dhan Sri Guru Teg Bahadar Ji taught us selflessness, sacrifice and spiritual love for God.

4. Dhan Guru Gobind Singh Ji was born to Dhan Guru Teg Bahadar Ji after thirty years of married life and on the day of incarnation of Dhan Sri Guru Gobind Singh Ji, Guru Teg Bahadar Ji was visiting Assam. He met His son for the first time when His son was five years old at Patna Sahib at Guru Ka Baag.

5. His first hymn in Gauri Raag (musical composition) and last hymn in Jaijaiwanti Raag (musical composition) is entered in Dhan Sri Guru Granth Sahib Ji.

6. When Dhan Sri Guru Teg Bahadar Ji was about to leave Sri Anandpur Sahib, at that time Mata Nanki Ji was very emotional and protective. She challenged the shooter herself at the place of Baba Bakala Sahib and stood like a wall to protect her son.

   When Guru Ji was about to leave for Delhi, She knew that Aurangzeb had been very cruel to his father and sister, so she knew that he won't spare Guru Ji either. The Ninth Master Lord bowed at the feet of Mother Nanki Ji. The mother kissed the forehead of her son and reminded Him that He was the holy flame of Guru Nanak. God Himself would be His saviour.

7. Blessed is His mother and blessed is His wife- Mata Gujar Kaur Ji who obeyed every word of Guru Ji. Let's look at the spiritual earnings of Mata Gujar Kaur Ji. Guru Teg Bahadar Sahib Ji meditated continuously for 26 years in a dungeon. During that period Mata Gujar Kaur Ji never complained and she very patiently rendered services of every kind

outside. She became mother after 30 years of her marriage and when the child Gobind Rai was born, even at that time her husband was away from her. She was very obedient and loyal.

When her Husband asked her to stay at Patna Sahib and He would call her later, she obeyed without questioning. When Sri Guru Teg Bahadar Ji was about to leave for Delhi to sacrifice His life, He informed Mata Gujar Kaur Ji about it. The world is a continuous flow. Straws gather for sometime and then get separated again. Everyone has to leave this world one day, but there is difference in departing of souls. If we remain fastened to the feet of the Lord throughout life, we will sit in His lap after death. Guru Ji told His wife to take care of His son-child Gobind Rai. Blessed Mata Gujar Kaur Ji sacrificed her husband unto the mother land.

8. When Guru Teg Bahadur Ji was about to leave Patna for Punjab, He advised the sangat :

"Lead pure and simple life, earn honestly, behave good/right and do good to others. Always be full of love and sympathy for others. Exercise self control. Do not hate anybody. If you hate anyone, you hate Waheguru. Serve selflessly. Adore only God. Pray only to God. Worship only one God. Always recite true 'Naam' of the Lord. Keep five thieves under control and keep desires away. Keep yourself above ego and insult, only then your soul will be liberated. Life is meant for giving not for taking or grabbing. Shine like the sun and give your warmth and light to all equally. Shun haughtiness. Don't give too much time looking at your body or physical features. This is wastage of time. This is not the way to attain God. Forget **all other things and worldly affairs, but never forget God.** Guru Ji uttered a hymn in sorath musical composition:

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥੧॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥੧॥*

*(ਅੰਗ ੬੩੩)*

9. Guru Ji's word for Bhai Mati Das Ji:

*ਮਮ ਸਹਾਇਕ ਮਿਤਰ ਭਾਰੀ ।*

Guru Ji used the words- 'Ghar-bari' for Bhai Diyala Ji i.e.

***—to be continued on page 49***

**Transcription of the Discourse Rendered by Bhai Guriqbal Singh Ji**

# ਬਾਬਾ ਮੱਖਣ ਸ਼ਾਹ ਲੁਬਾਣਾ ਜੀ

# Baba Makhan Shah Lubana Ji

***By: Bhai Guriqbal Singh***

Baba Makhan Shah Lubana Ji was very fond of Gurbani and had full faith on Dhan Sri Guru Teg Bahadar Ji. In Sikh history just as we have Bhai Lakhi Shah Vanjara Ji, a businessman, similarly Bhai Makhan Shah Lubana Ji was also a trader. He was born at village Tanda in Jehlum. Vijay Devi was his mother and Dasse Shah was his father. His father became a Sikh on the motivation of Sri Guru Hargobind Sahib Ji. Soljei Ji was his wife. He had four sons- Lal Chand Ji, Chandu Lal Ji, Jwanda Shah Ji and Khushpal Chand Ji.

The whole family followed Sikhism from the deep of its heart. Historians have written that his great grand father was also a disciple of Guru Nanak Dev Ji. The writers have written that Baba Makhan Shah Lubana was a staunch follower of Gurughar. He made a great contribution in Sikh history. The third great thing about him is that he revealed/discovered Sri Guru Teg Bahadar Ji. Actually it was he who first identified Sri Guru Teg Bahadur Ji and told the world about the real Guru.



***BABA MAKHAN SHAH LUBANA JI***

He made the Sikhs come to know about the next Guru- the Ninth Guru Nanak. He was a true follower of Sikhism.

Baba Makhan Shah Lubana had his own ship for trade purposes. He was quite rich. He used to go to different countries for trading. He used to travel in ship for months together. Sometimes his family would accompany him. He had some 40 to 50 servants also.

Once after selling goods in a foreign country, he bought some more



**DHAN SRI GURU TEG BAHADAR SAHIB JI AND BABA MAKHAN SHAH LUBANA JI**

goods from that country with the money earned from selling. He was coming back in ship loaded with goods. Suddenly the weather turned rough. The winds started blowing in the reverse direction. The ship had been caught in a storm actually. The ship started losing its balance. The boatmen failed to move the ship in the right direction. Sri Gur Partap Suraj Granth says-

ਚੌਪਈ : ਮੱਖਣ ਸ਼ਾਹੁ ਏਕ ਸਿਖ ਭਾਰਾ ।
ਗੁਰਸਿੱਖੀ ਕੋ ਮਹਦ ਅਧਾਰਾ ।
ਕਰਿ ਸੌਦਾ ਬਹੁ ਬਢਜੋ ਜਹਾਜ ।
ਅਨਿਕ ਵਸਤੁ ਲੇ ਬਣਜਨਿ ਕਾਜ ।।੨।।
ਦੇਸ਼ਾਂਤਰ ਮਹਿ ਬੇਚਜੋ ਜਾਇ ।
ਤਹਿ ਕੀ ਵਸਤੁ ਖਰੀਦ ਕਰਾਇ ।
(ਸ੍ਰੀ ਗੁਰ ਪ੍ਰਤਾਪ ਸੁਰਜ ਗ੍ਰੰਥ, ਰਾਸ਼ਿ ੧੧)

Makhan Shah was rich and virtuous. He was a lighthouse of Sikhism. He purchased goods and ladened the same on the ship. There were many types of goods in large quantity. He sold the goods in different countries. He bought more goods with the money so earned.

It is written that the ship was sailing amidst high waves. Soon the storm began. The sailors could not control the ship and it got stuck on an island made of sand. The sailors tried their best but failed. They informed Makhan Shah Lubana Ji about the catastrophe. He was a perfect disciple of Guru Nanak's Ghar. They all requested Makhan Shah Ji to pray to the true Guru. He concentrated on the feet of Guru Nanak Ji and made a prayer in such a way, which we all need to implement in our life:

ਪਉੜੀ ।।
ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ।।
(ਅੰਗ ੫੧੯)

The writers have mentioned six things that he did before prayer. First of all he washed his feet, hands and face. Then he made a very humble pose. Then he concentrated on Guru's

feet. Then he used the wording- "O, Ye fulfiller (Keeper) of hope of losers, please be kind to us." Then he addressed the Guru as omniscient. As he had seen Dhan Sri Guru Harkrishan Sahib Ji only, he prayed to the next light, wherever It was present, to save him and his ship and the crew and the family. That's why it is said that we should learn from such spiritually enlightened souls. It gets clear from these lines of Sri Gur Partap Suraj Granth:

'ਹੇ ਪ੍ਰਭੂ ! ਤੁਮ ਨਿਰਾਸ ਕੀ ਆਸ।
ਅੰਤਰਜਾਮੀ ਸਰਬ ਪ੍ਰਕਾਸ਼।
ਮੈਂ ਸਦੀਵ ਕੋ ਦਾਸ ਤੁਮਾਰੋ ।
ਅਬਿ ਜਹਾਜ ਕੋ ਪਾਰ ਉਤਾਰੋ ।'

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)

The ship was sinking. Just at the same time, he made a prayer.

ਸਲੋਕੁ ਮ: ੩ ॥
ਏ ਮਨ ਹਰਿ ਜੀ ਧਿਆਇ ਤੂ
ਇਕ ਮਨਿ ਇਕ ਚਿਤਿ ਭਾਇ ॥
ਹਰਿ ਕੀਆ ਸਦਾ ਸਦਾ ਵਡਿਆਈਆ
ਦੇਇ ਨ ਪਛੋਤਾਇ ॥

(ਅੰਗ ੬੫੩)

ਸਲੋਕੁ ਮ: ੩ ॥
ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ
ਏਕ ਸਬਦਿ ਲਿਵ ਲਾਇ ॥
ਨਵ ਨਿਧੀ ਅਠਾਰਹ ਸਿਧੀ
ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥

(ਅੰਗ ੬੪੯)

ਸੋਰਠਿ ਮਹਲਾ ੫ ॥
ਗੁਰ ਕਾ ਸਬਦੁ ਰਖਵਾਰੇ ॥
ਚਉਕੀ ਚਉਗਿਰਦ ਹਮਾਰੇ ॥
ਰਾਮ ਨਾਮਿ ਮਨੁ ਲਾਗਾ ॥
ਜਮੁ ਲਜਾਇ ਕਰਿ ਭਾਗਾ ॥੧॥

(ਅੰਗ ੬੨੬)

ਧਨਾਸਰੀ ਮਹਲਾ ੪ ॥
ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥

(ਅੰਗ ੬੬੯)

ਗਉੜੀ ਮਹਲਾ ੫ ॥
ਗੁਰ ਕਾ ਸਬਦੁ ਰਾਖੁ ਮਨ ਮਾਹਿ ॥
ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥

(ਅੰਗ ੧੯੨)

Where to go and whom to pray? And how to pray? Baba Makhan Shah Lubana Ji was praying from the deep of his heart. The ship was stuck firmly. What would be the condition of the passengers and crew? Then sincere prayer is the ultimate way left.

Sant Sujan Singh Ji was a performer of 'Keertan' (hymns) with Baba Nand Singh Ji. One day while performing keertan (singing hymns) he narrated the incident from the life of Makhan Shah Lubana Ji. The next day

Baba Nand Singh Ji asked him to narrate the 'Sakhi' (true story) of Makhan Shah Ji again. He obeyed. On the third day Baba Nand Singh Ji again asked to repeat the 'Sakhi' of Baba Makhan Shah Lubana Ji. Same on the fourth day and on the fifth day. Sant Sujan Singh Ji said that he had been narrating the same 'Sakhi' for five days. At this Baba Nand Singh Ji said that for five days he had been trying to find what method did Baba Makhan Shah Lubana Ji use in his prayer that brought Dhan Sri Guru Teg Bahadar Ji out from that hidden underground place in which He had been meditating for the last 26 years. Bhai Mani Singh Ji has written that Baba Makhan Shah Lubana Ji made so sincere prayers that waves reached Sri Guru Teg Bahadar Ji sitting in that underground place at Baba Bakala Sahib. Guru Ji was meditating. He opened His eyes and started considering his prayer. Then He decided to help the sincere Sikh so that his devotion on Gurughar increased.

*ਹੋਨਿ ਸਹਾਇਕ ਹੀ ਬਨਿ ਆਵੈ।*
*ਜਿਸ ਤੇ ਸਿਖ ਸ਼ਰਧਾ ਅਧਿਕਾਵੈ-॥੧੮॥*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)*

*ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥*

*(ਅੰਗ ੧੪੧੦)*

Guru Ji decided to help His beloved Sikh. In a fraction of a second Guru Ji's soul reached at the place where the ship had stuck. Guru Ji put his shoulder under the ship and brought it in calm waters. Where would you find such a Father? Guru Ji immediately answered his prayers:

*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥*

*(ਅੰਗ ੨੮੬)*

*ਬਿਲਾਵਲੁ ਮਹਲਾ ੫ ॥*
*ਦੋਵੈ ਥਾਵ ਰਖੇ ਗੁਰ ਸੂਰੇ ॥*
*ਹਲਤ ਪਲਤ ਪਾਰਬ੍ਰਹਮਿ ਸਵਾਰੇ*
*ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥*

*(ਅੰਗ ੮੨੫)*

*ਸੋਰਠਿ ਮਹਲਾ ੫ ॥*
*ਐਥੈ ਓਥੈ ਰਖਵਾਲਾ ॥*
*ਪ੍ਰਭ ਸਤਿਗੁਰ ਦੀਨ ਦਇਆਲਾ ॥*

*(ਅੰਗ ੬੨੮)*

*ਕਹੁ ਕਬੀਰ ਭਜੁ ਸਾਰਿਗਪਾਨੀ ॥*
*ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥*

*(ਅੰਗ ੩੩੭)*

*ਆਦਿ ਅੰਤਿ ਪ੍ਰਭੁ ਸਦਾ ਸਹਾਈ*
*ਧੰਨੁ ਹਮਾਰਾ ਮੀਤੁ ॥ ਰਹਾਉ ॥*

*(ਅੰਗ ੬੮੨)*

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥*

*(ਅੰਗ ੨੯੨-੯੩)*

*ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ*
*ਜਿਥੈ ਕਿਥੈ ਮੈਨੋ ਲਏ ਛਡਾਈ ॥*
*ਤਿਸੁ ਗੁਰ ਕਉ ਸਾਬਾਸਿ ਹੈ*
*ਜਿਨਿ ਹਰਿ ਸੋਝੀ ਪਾਈ ॥*

*(ਅੰਗ ੫੮੮)*

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥

(ਅੰਗ ੩੯੪)

ਈਹਾ ਊਹਾ ਤੁਮ ਰਖੇ ॥
ਗੁਰ ਕਿਰਪਾ ਤੇ ਕੋ ਲਖੇ ॥੩॥

(ਅੰਗ ੨੧੧)

O Lord! Please hold my hand!

ਤੂੰ ਸਭਨੀ ਥਾਈ ਜਿਥੈ ਹਉ ਜਾਈ
ਸਾਚਾ ਸਿਰਜਣਹਾਰੁ ਜੀਉ ॥

(ਅੰਗ ੪੩੮)

It is written in Sri Gur Partap Suraj Granth:

ਪਹੁੰਚੇ ਨਿਮਖ ਬਿਖੈ ਗੁਰੁ ਪੂਰੇ ।
ਕਰਨਿ ਸਿੱਖ ਕੇ ਕਾਰਜ ਰੂਰੇ ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)

It is written in history, as soon as the Ninth Master lifted the ship with his shoulder, the direction of the wind at once turned favourable. The whole universe is under His command. Guru Ji thus saved the ship. Some sailors tried to get the credit but Baba Makhan Shah Ji told them that they had been trying for many days. Then God Himself had come to save them all. It's not a big thing for Him (God). He is omnipresent. Baba Makhan Shah Ji realized that his prayer had been answered by Guru Nanak Ji. After a few minutes the ship was sailing on its way. Baba Makhan Shah Ji was drenched in gratefulness. He decided to pay/offer thanks to Guru Ji on reaching Punjab. He unloaded the ship at Maska Mandi and sold the merchandise there, earned profit and came to Delhi with his family. From there he came to know that the Eighth Master's soul had left for heavenly abode, but before His last breath, the Eighth Master had said:

'ਬਾਬਾ ਬਸਹਿ ਜਿ ਗ੍ਰਾਮ ਬਕਾਲੇ ।
ਬਨਿ ਗੁਰ, ਸੰਗਤਿ ਸਕਲ ਸਮਾਲੇ ।'

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੦)

This is also something unique in Sikh history. Gurgaddi was not handed over physically to the next Guru, rather it was left to the Sikhs to find the next Guru:

'ਬਾਬਾ ਬਸਹਿ ਜਿ ਗ੍ਰਾਮ ਬਕਾਲੇ ।
ਬਨਿ ਗੁਰ, ਸੰਗਤਿ ਸਕਲ ਸਮਾਲੇ ।'

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੦)

Baba Makhan Shah Lubana Ji came to Baba Bakala Sahib from Delhi. His servants and family members were with him. At Baba Bakala, he found 22 false Gurus, sitting on false Gurgaddis (thrones). Each one of them was saying that he was the true Guru. Dheer Mal seemed to be the most popular and influential of them all, as he possessed the Adi Granth. Let's learn from all these things. We should connect with Guru Granth Sahib Ji only. Baba Isher Singh Ji Kaleran wale used to say that accompany those souls as would make you connect with Dhan Sri Guru Granth Sahib Ji.

All the 22 dummy Gurus came to know that a very wealthy devotee had come. They had their agents moving around to bring devotees to their 'deras'. Baba Makhan Shah Ji came to know about the 22 false Gurus. He camped near a well outside Baba Bakala Sahib. The agents of dummy Gurus started approaching Baba Makhan Shah Ji. At such confusing situations, a Sikh should use his wisdom. That's why we pray for wisdom in our daily prayers. So we should avoid those hypocrites who connect us with themselves only and not with Dhan Sri Guru Granth Sahib Ji. Baba Nand Singh Ji used to say, he who connects us with himself only, is zero/ without any value.

Baba Makhan Shah Ji thought that the true Guru was all powerful and the wealthiest, He would not send his agents to anyone. He told his wife that the true Guru not only saved his life but his merchandise and ship also, but at the same time He had not revealed Himself to claim all that. That is His virtue to remain hidden. Baba Makhan Shah Ji had promised five hundred gold coins to be offered to the true Guru. He thought what should he do then. He consulted his wife. They decided to offer two gold coins each to all the 22 Gurus. The ture Guru would object to it. Only the true Guru knew about his promise. Baba Makhan Shah Ji did the same.

First of all he offered two coins to Dheer Mal and then to all others. None could object and know about the promise offered by Baba Makhan Shah Ji.

Baba Makhan Shah Ji didn't condemn anyone nor criticize them but he could not sleep that night and felt pangs of separation. He thought Sri Guru Harkrishan Sahib Ji could not tell a lie.

ਬਾਬਾ ਬਸਹਿ ਜਿ ਗ੍ਰਾਮ ਬਕਾਲੇ।

He was sure that the true Guru was at Baba Bakala. He thought that it was his bad luck that he could not have darshan of the true Guru. He spent the night sleeplessly.

***To be continued...***

---

***–continued from page 43***

manager of Guru's household. When Guru Ji went to Assam from Patna, Bhai Diyala Ji managed all household affairs in His absence. Bhai Mati Das Ji was honoured by Guru Ji by appointing him as His 'Diwaan' (Secretary) and Bhai Sati Das Ji was appointed as His writer. When these three Sikhs attained martyrdom in front of Guru Ji, at that time Guru Teg Bahadar Ji uttered these words: "Dhan Sikhi, Dhan Sikhi, Dhan Sikhi (Sikhism)!"

# Greatly Blessed is the Guru, Greatly Blessed are His Beloveds!

# ਧੰਨ ਗੁਰੂ ਧੰਨ ਗੁਰੂ ਪਿਆਰੇ!

*-Bhai Raminder Singh*

The month of 'Poh' is known as the month of pangs of separation (from God) in Sikh History. Every eye is welled up with tears when one thinks of the martyrdom of Sri Guru Teg Bahadar Ji. The month of Nov 2025 becomes more important because martyrdom centenary of Sri Guru Teg Bahadar Ji and other beloveds of the Guru falls this year.

It is difficult to find any other martyrdom parallel to it in the history of the world. Guru Ji sacrificed His life to save Hinduism and what is great about this martyrdom is that cremations of Guru's head and the rest of the body were done at two separate places i.e. two cremations were rendered- one for the head and the other for the beheaded body. Blessed is the place of Chandni Chowk where not only Guru Ji but His beloveds also sacrificed their lives smilingly unto the feet of Sri Guru Teg Bahadar Ji. Even death would have knelt down before the sacrificing spirit of Bhai Mati Das Ji, Bhai Sati Das Ji and Bhai Diyala Ji.

All those three Sikhs attained martyrdom before Guru Ji. All the three martyrdom are unique in the world. Bhai Mati Das is being sawed and his body is being cut from head to toe from the centre into two parts. Bhai Mati Das Ji is the luckiest because he sacrificed his life for the sake of his Guru. The saw is working and sawing his body into two parts but he/both the parts of his body are reciting Japuji Sahib continuously. How respectful he is towards his Guru and Gurbani.

Blessed are the beloved followers of the Guru. Bhai Diyala Ji is sitting in a big pot of boiling water and the fire is burning under the pot. Bhai Diyala Ji also sacrificed his life unto the feet of his Guru. He is also reciting Gurbani continuously, as a result he is not feeling heat. He had great patience. Bhai Sati Das was burnt alive by wrapping cotton all around his body, he also sacrificed himself for his Guru. They all had great spiritual earnings.

Let's all make good use of Amritvela and recite Amrit Baani always and get baptized as soon as possible by obeying the Guru in fond remembrance of these martyrdom days. Let's narrate these true stories of sacrifices of Sikh martyrs to our children to inculcate such values courage and faith and patience in them.

# ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ
# ਹੜ੍ਹ ਪੀੜ੍ਹਤਾਂ ਲਈ ਰਾਸ਼ਨ, ਦਵਾਈਆਂ ਤੇ ਮੈਡੀਕਲ ਟੀਮਾਂ ਦੀਆਂ ਸੇਵਾਵਾਂ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹੜ੍ਹਾਂ ਕਾਰਨ ਪ੍ਰਭਾਵਿਤ ਇਲਾਕਿਆਂ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਲਈ ਰਾਸ਼ਨ, ਦਵਾਈਆਂ ਤੇ ਮੈਡੀਕਲ ਦੀਆਂ ਟੀਮਾਂ ਅਜਨਾਲਾ, ਪੱਟੀ, ਡੇਰਾ ਬਾਬਾ ਨਾਨਕ, ਖੇਮਕਰਨ, ਫਿਰੋਜ਼ਪੁਰ ਦੇ ਨੇੜੇ ਹੋਰ ਵੱਖ-ਵੱਖ ਪਿੰਡਾਂ ਵਿੱਚ ਜਿੱਥੇ ਮਕਾਨ ਡੁੱਬੇ ਪਏ ਹਨ ਉੱਥੇ ਭੇਜੀਆਂ ਜਾ ਰਹੀਆਂ ਹਨ। ਭਲਾਈ ਕੇਂਦਰ ਦੇ ਛੇ ਯੂਨਿਟਾਂ ਵੱਲੋਂ ਵੱਖ-ਵੱਖ ਟੀਮਾਂ ਪਿੰਡਾਂ ਅਤੇ ਕਸਬਿਆਂ ਵਿੱਚ ਜਾ ਕੇ ਲੋਕਾਂ ਦੀ ਸਹਾਇਤਾ ਕਰ ਰਹੀਆਂ ਹਨ। ਇਨ੍ਹਾਂ ਹਲਾਤਾਂ ਵਿੱਚ ਰਾਸ਼ਨ ਦੇ ਪੈਕਟ, ਪੀਣ ਵਾਲਾ ਸਾਫ ਪਾਣੀ, ਤਰਪਾਲਾਂ, ਇਲੈਕਟਰਿਕ ਲਾਈਟਾਂ, ਮੱਛਰ ਦਾਨੀਆਂ, ਪਸ਼ੂਆਂ ਵਾਸਤੇ ਚੋਕਰ ਦੀਆਂ ਬੋਰੀਆਂ ਅਤੇ ਹੋਰ ਲੋੜੀਂਦਾ ਸਮਾਨ ਪਹੁੰਚਾਇਆ ਜਾ ਰਿਹਾ ਹੈ। ਮੈਡੀਕਲ ਟੀਮਾਂ ਖਾਸ ਤੌਰ ਤੇ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਦੀ ਜਾਂਚ ਕਰ ਰਹੀਆਂ ਹਨ। ਸੱਤਵੀਂ ਖੇਪ ਨੂੰ ਰਵਾਨਾ ਕਰਨ ਸਮੇਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ (ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ) ਅਰਦਾਸ ਕਰਦੇ ਹੋਏ ਅਤੇ ਨਾਲ ਖੜ੍ਹੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਸਮੂਹ ਸਹਿਯੋਗੀ। ਇਹ ਰਾਸ਼ਨ ਅਤੇ ਹੋਰ ਸਮਾਨ ਦੀ ਸੇਵਾ ਨਿਰੰਤਰ ਜਾਰੀ ਰਹੇਗੀ ਇਸ ਤੋਂ ਇਲਾਵਾ ਪੰਜਾਬ ਦੇ ਪਿੰਡਾਂ ਵਿੱਚ ਹੜ੍ਹ ਆਉਣ ਕਰਕੇ ਜਿਨ੍ਹਾਂ ਦੇ ਪਸ਼ੂ ਇੱਕ ਜਾਂ ਦੋ ਸੀ ਉਨ੍ਹਾਂ ਦੀ ਮੌਤ ਹੋ ਗਈ ਹੈ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਉਨ੍ਹਾਂ ਨੂੰ ਸੰਗਤ ਦੇ ਸਹਿਯੋਗ ਨਾਲ ਮੱਝਾਂ, ਗਾਵਾਂ ਲੈ ਕੇ ਦਿੱਤੀਆਂ ਜਾ ਰਹੀਆਂ ਹਨ।









# ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ

## ਵੱਖ-ਵੱਖ ਪਿੰਡਾਂ, ਇਲਾਕਿਆਂ ਵਿੱਚ ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਰਾਸ਼ਨ ਤੇ ਹੋਰ ਲੋੜੀਂਦਾ ਸਮਾਨ ਵੰਡਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਸਮੂਹ ਸਹਿਯੋਗੀ









**ਬੀਬੀ ਕੌਲਾਂ ਜੀ ਭਲਾਈ ਕੇਂਦਰ, ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੇਂ ਯੂ-ਟਿਊਬ ਚੈਨਲ**

## ਸੰਗਤ ਦੀ ਬੇਟੀ ਗੁਰਪ੍ਰੀਤ ਕੌਰ ਦੀ ਸ਼ੁੱਭ ਸ਼ੁਰੂਆਤ



**www.youtube.com/@sangatdibeti**




**ਇਸ ਸਕੈਨਰ ਨੂੰ ਸਕੈਨ ਕਰਕੇ ਜਾਂ ਦਿੱਤੇ ਲਿੰਕ ਰਾਹੀਂ ਆਪ ਜੀ ਚੈਨਲ ਤੱਕ ਪਹੁੰਚ ਸਕਦੇ ਹੋ ਜੀ।**

ਇਸ ਚੈਨਲ ਵਿੱਚ ਦਸਾਂ ਪਾਤਸ਼ਾਹੀਆਂ ਜੀ ਨਾਲ ਸਬੰਧਤ ਗੁ: ਸਾਹਿਬ ਜੀ ਦੇ ਇਤਿਹਾਸ, ਬਖਸ਼ਿਸ਼ਾਂ ਅਤੇ ਹੋਰ ਧਾਰਮਿੱਕ ਸਮੱਗਰੀ ਭਾਈ ਸਾਹਿਬ ਜੀ ਆਪ ਬੋਲ ਕੇ ਸਰਵਣ ਕਰਵਾਉਣਗੇ ਜੀ।

**ਚੈਨਲ ਨੂੰ ਸਬਸਕਰਾਈਬ ਕਰੋ ਲਾਈਕ ਕਰੋ ਅਤੇ ਬੈਲ ਸਵਿੱਚ ਦਬਾਓ ਜੀ**

ਸੰਪਰਕ : 98765-25839, 98765-25829, 95015 32111